KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 11-10-2025 • Vol.43 No.41 • M. 90410-14575 • Page 16 E-mail : khetiduniyan1983@gmail.com

## ਬੌਣੇ ਵਾਇਰਸ ਅਤੇ ਹਲਦੀ ਰੋਗ ਪ੍ਰਭਾਵਿਤ ਖੇਤਾਂ ਦਾ ਪਰਾਲੀ ਪ੍ਰਬੰਧਨ

ਪੰਜਾਬ ਰਾਜ ਵਿੱਚ ਇਸ ਸਾਲ ਮੌਜੂਦਾ ਸਾਉਣੀ ਦੀ ਰੁੱਤ ਵਿੱਚ ਝੋਨੇ ਦੀ ਅਗੇਤੀ ਬਿਜਾਈ ਅਤੇ ਅਨੁਕੂਲ ਮੌਸਮੀ ਹਾਲਤਾਂ ਜਿਵੇਂ ਕਿ ਵਧੇਰੇ ਮੀਂਹ ਅਤੇ ਨਮੀਂ ਹੋਣ ਕਾਰਨ, ਝੋਨੇ ਦੀ ਫ਼ਸਲ ਵਿੱਚ ਬੋਣਾ ਵਾਇਰਸ ਅਤੇ ਝੂਠੀ ਕਾਂਗਿਆਰੀ ਦੇ ਰੋਗ ਦਾ ਹਮਲਾ ਪਿਛਲੇ ਸਾਲਾਂ ਨਾਲੋਂ ਵਧੇਰੇ ਵੇਖਿਆ ਗਿਆ। ਜਿਹੜੇ ਖੇਤਾਂ ਵਿੱਚ ਇਹ ਦੋਵੇਂ ਬਿਮਾਰੀਆਂ ਆਈਆਂ ਹਨ, ਓਥੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਣ ਨਾਲ ਅਗਲੇ ਸਾਲ ਇਹਨਾਂ ਬਿਮਾਰੀਆਂ ਦੇ ਪ੍ਰਭਾਵ ਨੂੰ ਘਟਾਇਆ ਨਹੀਂ ਜਾ ਸਕਦਾ।

ਝੋਨੇ ਦਾ ਬੋਣਾ ਰੋਗ ਚਿੱਟੀ ਪਿੱਠ ਵਾਲੇ ਟਿੱਡੇ ਦੁਆਰਾ ਫੈਲਾਏ ਜਾਣ ਵਾਲੇ ਇੱਕ ਵਿਸ਼ਾਣੂ ਨਾਲ ਲੱਗਦਾ ਹੈ। ਇਹ ਵਿਸ਼ਾਣੂ ਝੋਨੇ ਦੇ ਮਰੇ ਹੋਏ ਬੂਟਿਆਂ ਜਾਂ ਪਰਾਲੀ ਰਾਹੀਂ ਨਹੀਂ ਫੈਲਦਾ। ਝੋਨੇ ਦੇ ਜਿਊਂਦੇ ਬੂਟਿਆਂ ਜਾਂ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਹੀ ਇਹ ਵਿਸ਼ਾਣੂੰ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਇਸ ਕਰਕੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਅਗਲੇ ਸਾਲ ਦੀ ਫ਼ਸਲ ਉੱਤੇ ਇਸ ਵਿਸ਼ਾਣੂ ਦੇ ਹਮਲੇ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਦੇ ਉਲਟ ਅੱਗ ਲਾਉਣ ਨਾਲ ਮਿੱਤਰ ਕੀੜੇ ਜ਼ਰੂਰ ਮਰ ਸਕਦੇ ਹਨ ਜੋ ਚਿੱਟੀ ਪਿੱਠ ਵਾਲੇ ਟਿੱਡੇ ਦੀ ਜਨਸੰਖਿਆ ਉੱਤੇ ਕਾਬੂ ਰੱਖਦੇ ਹਨ। ਹਾੜੀ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਕਈ ਤਰ੍ਹਾਂ ਦੇ ਨਦੀਨਾਂ ਉੱਤੇ ਜਿਊਂਦਾ ਰਹਿ ਸਕਦਾ ਹੈ। ਇਸ ਲਈ ਖੇਤ ਅਤੇ ਵੱਟਾਂ ਬੰਨਿਆਂ ਨੂੰ ਨਦੀਨ ਮੁਕਤ ਰੱਖਿਆ ਜਾਵੇ ਤਾਂ ਜੋ ਚਿੱਟੀ ਪਿੱਠ ਵਾਲੇ ਟਿੱਡੇ ਨੂੰ ਜਿਊਂਦੇ ਰਹਿਣ ਲਈ ਸਰੋਤ ਘੱਟ ਮਿਲਣ ਅਤੇ ਉਹ ਵਿਸ਼ਾਣੂੰ ਦਾ ਪਸਾਰ ਘੱਟ ਕਰ ਸਕੇ।

ਝੋਨੇ ਦੀ ਝੂਠੀ ਕਾਂਗਿਆਰੀ ਮੁਢਲੇ ਤੌਰ ਤੇ ਜ਼ਮੀਨ ਉੱਤੇ ਉੱਲੀ ਦੇ ਹਲਦੀ ਰੰਗੇ ਗੋਲਿਆਂ ਵਿੱਚੋਂ ਡਿੱਗੇ ਬੀਜਾਣੂਆਂ ਦੁਆਰਾ ਫੈਲਦੀ ਹੈ। ਇਹ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਅਤੇ ਬੀਜ ਉੱਤੇ ਘੱਟ ਪਾਈ ਜਾਂਦੀ ਹੈ। ਝੋਨੇ ਦੇ ਅਗਲੇ ਸਾਲ ਦੀ ਫ਼ਸਲ ਵਿੱਚ ਬਿਮਾਰੀ ਪੈਦਾ ਕਰਨ ਵਾਲੇ ਮਿੱਟੀ ਵਿਚਲੇ ਬੀਜਾਣੂਆਂ ਨੂੰ ਪਰਾਲੀ ਸਾੜਨ ਨਾਲ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਦਾ। ਪਰ ਇੰਝ ਕਰਨ ਨਾਲ ਮਿੱਟੀ ਵਿੱਚੋਂ ਮਿਲਣ ਵਾਲੇ ਪੌਸ਼ਟਿਕ ਤੱਤ ਜ਼ਰੂਰ ਨਸ਼ਟ ਹੋ ਜਾਂਦੇ ਹਨ ਅਤੇ ਹਵਾ ਤੇ ਵਾਤਾਵਰਣ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ। ਇਸ ਦੀ ਬਜਾਏ, ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਰਲਾ ਦੇਣ ਨਾਲ ਜਾਂ ਖੇਤ ਵਿੱਚ ਹੀ ਡੂੰਘਾ ਵਾਹ ਕੇ ਇਨ੍ਹਾਂ ਬੀਜਾਣੂਆਂ ਦੀ ਜੰਮਣ ਸ਼ਕਤੀ ਬਹੁਤ ਹੱਦ ਤੱਕ ਘਟਾਈ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਇਸ ਬਿਮਾਰੀ ਦੇ ਕਣ ਮਿੱਟੀ ਦੇ ਅੰਦਰ ਜਲਦੀ ਗਲ੍ਹਦੇ ਹਨ ਅਤੇ ਅਗਲੇ ਸਾਲ ਬਿਮਾਰੀ ਦਾ ਪ੍ਰਭਾਵ ਘਟ ਸਕਦਾ ਹੈ। ਮੌਸਮ ਇਸ ਬਿਮਾਰੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਝੋਨੇ ਦੇ ਸਿੱਟਿਆਂ ਦੇ ਗੋਭ ਵਿੱਚ ਹੋਣ ਸਮੇਂ ਉੱਲੀਨਾਸ਼ਕਾਂ ਦੇ ਸਮੇਂ ਸਿਰ ਛਿੜਕਾਅ ਕਰਕੇ ਇਸ ਰੋਗ ਤੇ ਕਾਬੂ ਪਾਇਆ ਜਾ ਸਕਦਾ ਹੈ।

ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਨਾਲ ਖੇਤ ਵਿੱਚ ਅਗਲੇ ਸਾਲ ਲਈ ਝੂਠੀ ਕਾਂਗਿਆਰੀ ਅਤੇ ਬੌਣੇ ਰੋਗ ਦੇ ਹਮਲੇ ਨੂੰ ਘਟਾਇਆ ਨਹੀਂ ਜਾ ਸਕਦਾ ਬਲਕਿ ਇਸ ਨਾਲ ਵਾਤਾਵਰਣ ਤੇ ਲਾਭਦਾਇਕ ਜੀਵਾਂ ਨੂੰ ਖ਼ਤਰਾ ਪੈਦਾ ਹੁੰਦਾ ਹੈ। ਇਸ ਕਾਰਨ ਕਿਸਾਨਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਝੋਨੇ ਦੀ ਫ਼ਸਲ ਦੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਰਲਾ ਦੇਣ ਜਾਂ ਖੇਤ ਨੂੰ ਡੂੰਘਾ ਵਾਹ ਦੇਣ, ਵੱਟਾਂ ਬੰਨੇ ਸਾਫ ਰੱਖਣ ਅਤੇ ਇਹਨਾਂ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੇ ਸਰਵਪੱਖੀ ਰੋਕਥਾਮ ਦੇ ਢੰਗ ਅਪਨਾਉਣ।

**ਰੀਤੂ ਰਾਜ, ਅਮਰਜੀਤ ਸਿੰਘ, ਡਾਇਰੈਕਟੋਰੇਟ ਪਸਾਰ ਸਿੱਖਿਆ** (ਮੋ. 90236-38985)








ਕਿਸਾਨ ਵੀਰੋ!

## ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜੀਹ ਦਿਉ।
★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**

## ਕੰਢੀ ਦੇ ਇਲਾਕੇ ਵਿੱਚ

# ਹਾੜ੍ਹੀ ਦੇ ਪਿਆਜ਼ ਦੀ ਉੱਨਤ ਕਾਸ਼ਤ ਦੇ ਨੁਕਤੇ



**ਪਿਆਜ਼ ਨੂੰ ਕਈ ਮੌਸਮਾਂ ਵਿੱਚ ਪੈਦਾ ਕੀਤਾ ਜਾ ਸਕਦਾ ਹੈ, ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸ ਦੇ ਅਨੁਕੂਲ ਨਹੀਂ। ਪੰਜਾਬ ਵਿੱਚ ਪਿਆਜ਼ ਦੀਆਂ ਦੋ ਫ਼ਸਲਾਂ ਹੁੰਦੀਆਂ ਹਨ, ਸਾਉਣੀ ਅਤੇ ਹਾੜ੍ਹੀ, ਜਿਨ੍ਹਾਂ ਵਿੱਚੋਂ ਹਾੜ੍ਹੀ ਦੀ ਫ਼ਸਲ ਕੰਢੀ ਇਲਾਕੇ ਵਿਚ ਬਹੁਤ ਵਧੀਆ ਮੁਨਾਫ਼ਾ ਦੇਣ ਵਾਲੀ ਸਾਬਿਤ ਹੋ ਸਕਦੀ ਹੈ।**

ਆਰਤੀ ਵਰਮਾ ਅਤੇ ਪ੍ਰਦੀਪ ਕੁਮਾਰ,
ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ (ਮੋ. 94187-40997)

ਕੰਢੀ ਇਲਾਵਾ ਪੰਜਾਬ ਦਾ ਖੇਤੀ ਪੱਖੋਂ ਪਿਛੜਿਆ ਇਲਾਕਾ ਹੈ। ਪਿਆਜ਼ ਦੀ ਕਾਸ਼ਤ ਇੱਥੋਂ ਦੇ ਕਿਸਾਨਾਂ ਲਈ ਵਰਦਾਨ ਸਾਬਿਤ ਹੋ ਸਕਦੀ ਹੈ। ਸਾਲ 2022-23 ਦੌਰਾਨ ਪੰਜਾਬ ਵਿੱਚ ਤਕਰੀਬਨ 249.42 ਹਜ਼ਾਰ ਟਨ ਪਿਆਜ਼, 10.37 ਹਜ਼ਾਰ ਹੈਕਟੇਅਰ ਰਕਬੇ ਤੇ ਪੈਦਾ ਕੀਤਾ ਗਿਆ। ਪਿਆਜ਼ ਨੂੰ ਕਈ ਮੌਸਮਾਂ ਵਿੱਚ ਪੈਦਾ ਕੀਤਾ ਜਾ ਸਕਦਾ ਹੈ, ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸ ਦੇ ਅਨੁਕੂਲ ਨਹੀਂ। ਪੰਜਾਬ ਵਿੱਚ ਪਿਆਜ਼ ਦੀਆਂ ਦੋ ਫ਼ਸਲਾਂ ਹੁੰਦੀਆਂ ਹਨ, ਸਾਉਣੀ ਅਤੇ ਹਾੜ੍ਹੀ, ਜਿਨ੍ਹਾਂ ਵਿੱਚੋਂ ਹਾੜ੍ਹੀ ਦੀ ਫ਼ਸਲ ਕੰਢੀ ਇਲਾਕੇ ਵਿਚ ਬਹੁਤ ਵਧੀਆ ਮੁਨਾਫ਼ਾ ਦੇਣ ਵਾਲੀ ਸਾਬਿਤ ਹੋ ਸਕਦੀ ਹੈ। ਹਰ ਸਾਲ ਪਿਆਜ਼ ਦੀ ਘਾਟ ਅਤੇ ਕੀਮਤਾਂ ਵਿੱਚ ਵਾਧਾ ਹੋਣ ਕਾਰਨ, ਪਿਆਜ਼ ਦੀ ਕਾਸ਼ਤ ਵਧੇਰੇ ਮੁਨਾਫ਼ਾ ਕਮਾਉਣ ਵਾਲਾ ਖੇਤੀ ਵਪਾਰ ਦਾ ਵਧੀਆ ਸਾਧਨ ਬਣ ਸਕਦਾ ਹੈ।

**ਪਨੀਰੀ ਦੀ ਬਿਜਾਈ** : ਹਾੜ੍ਹੀ ਦੇ ਪਿਆਜ਼ ਦੇ ਕਣ ਦੀ ਬਿਜਾਈ ਲਈ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਦਾ ਸਮਾਂ ਢੁੱਕਵਾਂ ਹੁੰਦਾ ਹੈ। ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 8 ਮਰਲੇ ਥਾਂ ਤੇ 15 ਤੋਂ 20 ਸੈਂਟੀਮੀਟਰ ਉੱਚੀਆਂ ਅਤੇ 1 ਤੋਂ 1.5 ਮੀਟਰ ਚੌੜੀਆਂ ਕਿਆਰੀਆਂ ਤਿਆਰ ਕਰੋ। ਪਨੀਰੀ ਲਈ ਤਿਆਰ ਕੀਤੀ ਥਾਂ ਵਿੱਚ ਪ੍ਰਤੀ ਮਰਲੇ ਦੇ ਹਿਸਾਬ 125 ਕਿਲੋ ਗੋਹੇ ਦੀ ਗਲੀ-ਸੜੀ ਰੂੜ੍ਹੀ ਮਿਲਾਉ ਅਤੇ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਪਾਣੀ ਦੇ ਦਿਉ ਤਾਂ ਕਿ ਬਿਜਾਈ ਤੋਂ ਪਹਿਲਾਂ ਸਾਰੇ ਨਦੀਨ ਉੱਗ ਪੈਣ। ਇੱਕ ਏਕੜ ਰਕਬੇ ਦੀ ਪਨੀਰੀ ਤਿਆਰ ਕਰਨ ਲਈ 4-5 ਕਿਲੋ ਬੀਜ ਨੂੰ 1-2 ਸੈਂਟੀਮੀਟਰ ਡੂੰਘਾ ਅਤੇ 5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿੱਚ ਬੀਜੋ।

**ਪਨੀਰੀ ਪੁੱਟ ਕੇ ਲਾਉਣਾ** : ਆਮ ਤੌਰ ਤੇ ਬਿਜਾਈ ਤੋਂ 35-40 ਦਿਨਾਂ ਦੇ ਬਾਅਦ ਪਨੀਰੀ ਖੇਤ ਵਿੱਚ ਲਾਉਣ ਲਈ ਤਿਆਰ ਹੋ ਜਾਂਦੀ ਹੈ। ਪਨੀਰੀ ਲਾਉਣ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਵਾਹੁਣਾ ਚਾਹੀਦਾ ਹੈ। ਪਿਆਜ਼ ਦਾ ਝਾੜ ਵਧਾਉਣ ਲਈ ਪਨੀਰੀ ਲਾਉਣ ਸਮੇਂ ਕਨਸ਼ੋਰਸ਼ੀਅਮ ਜੀਵਾਣੂੰ ਖਾਦ 4 ਕਿਲੋ ਪ੍ਰਤੀ ਏਕੜ ਨੂੰ ਮਿੱਟੀ ਵਿੱਚ ਰਲਾ ਕੇ ਪਾਉ। 20 ਦਿਨ ਗਲੀ-ਸੜੀ ਰੂੜੀ, 90 ਕਿਲੋ ਯੂਰੀਆ, 125 ਕਿਲੋ ਸੁਪਰਫ਼ਾਸਫੇਟ ਅਤੇ 35 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਉ। ਸਾਰੀ ਰੂੜ੍ਹੀ, ਫ਼ਾਸਫੋਰਸ, ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪੌਦੇ ਲਾਉਣ ਤੋਂ ਪਹਿਲਾਂ ਅਤੇ ਫਿਰ ਅੱਧੀ ਬਚਦੀ ਨਾਈਟ੍ਰੋਜਨ 4-6 ਹਫ਼ਤਿਆਂ ਬਾਅਦ ਛੱਟਾ ਦੇ ਕੇ ਪਾ ਦਿਉ। ਨਿਰਧਾਰਤ ਸਮੇਂ ਤੇ 10-15 ਸੈਂਟੀਮੀਟਰ ਲੰਬੇ ਸਿਹਤਮੰਦ ਪੌਦੇ ਪੁੱਟ ਕੇ ਖੇਤ ਵਿੱਚ 15 ਸੈਂਟੀਮੀਟਰ (ਕਤਾਰਾਂ ਵਿਚਕਾਰ) × 7.5 ਸੈਂਟੀਮੀਟਰ (ਬੂਟਿਆਂ ਵਿਚਕਾਰ) ਫ਼ਾਸਲੇ ਤੇ ਲਾ ਦਿਉ। ਪਨੀਰੀ ਲਾਉਣ ਤੋਂ ਤੁਰੰਤ ਬਾਅਦ ਪਹਿਲਾਂ ਪਾਣੀ ਦਿਉ ਤਾਂ ਜੋ ਬੂਟਿਆਂ ਦੀਆਂ ਜੜ੍ਹਾਂ ਜ਼ਮੀਨ ਫੜ ਲੈਣ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਇਸ ਤੋਂ ਇਲਾਵਾ ਪਨੀਰੀ ਲਾਉਣ ਤੋਂ ਇੱਕ ਹਫ਼ਤੇ ਦੇ ਅੰਦਰ-ਅੰਦਰ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਗੰਢਿਆਂ ਤੇ ਪ੍ਰਤੀ ਏਕੜ ਛਿੜਕਾਅ ਕਰਨ ਅਤੇ 90-100 ਦਿਨਾਂ ਬਾਅਦ ਇੱਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਗੰਢਿਆਂ ਦੀ ਸਿੰਚਾਈ ਮੌਸਮ ਅਤੇ ਮਿੱਟੀ ਦੀ ਕਿਸਮ ਦੇ ਅਧਾਰ ਤੇ ਨਿਰਭਰ ਕਰਦੀ ਹੈ। ਕੁੱਲ 10-15 ਪਾਣੀਆਂ ਦੀ ਲੋੜ ਪੈਂਦੀ ਹੈ। ਢੁੱਕਵੇਂ ਸਮੇਂ ਤੇ ਪੁਟਾਈ ਜ਼ਰੂਰੀ ਹੈ ਅਤੇ ਇਹ ਪਿਆਜ਼ ਦੀ ਕਿਸਮ ਤੇ ਮੌਸਮ ਉੱਤੇ ਨਿਰਭਰ ਕਰਦਾ ਹੈ। ਭੂਕਾਂ ਦਾ ਸੁੱਕ ਕੇ ਡਿੱਗਣਾ ਸੰਕੇਤ ਹੈ ਕਿ ਪਿਆਜ਼ ਪੁਟਾਈ ਲਈ ਤਿਆਰ ਹਨ।

**ਹਾੜੀ ਦੇ ਪਿਆਰ ਦੀਆਂ ਉੱਨਤ ਕਿਸਮਾਂ ਅਤੇ ਹਾਈਬ੍ਰਿਡ**

| ਉੱਨਤ ਕਿਸਮਾਂ ਅਤੇ ਹਾਈਬ੍ਰਿਡ | ਗੰਢਿਆਂ ਦਾ ਰੰਗ | ਪਨੀਰੀ ਤੋਂ ਪ੍ਰਣਾਲੀ ਤੱਕ ਦਾ ਸਮਾਂ (ਦਿਨ) | ਔਸਤਨ ਝਾੜ (ਕੁਇੰਟਲ/ਏਕੜ) |
|---|---|---|---|
| ਪੀ ਓ ਐਚ-1 (ਹਾਈਬ੍ਰਿਡ) | ਹਲਕਾ ਲਾਲ | 142 | 221 |
| ਪੀ ਆਰ ਓ-7 | ਹਲਕਾ ਲਾਲ | 120 | 159 |
| ਪੀ ਵਾਈ ਓ-1 | ਪੀਲਾ | 141 | 164 |
| ਪੀ ਡਬਲਯੂ ਓ-2 | ਚਿੱਟਾ | 139 | 155 |
| ਪੀ ਆਰ ਓ-6 | ਗੂੜਾ ਲਾਲ | 120 | 160 |
| ਪੰਜਾਬ ਨਰੋਆ | ਲਾਲ | 145 | 150 |

# ਮੂਲ ਅਨਾਜਾਂ ਦੀ ਖੇਤੀ - ਪਾਣੀ, ਵਾਤਾਵਰਨ ਤੇ ਮਿੱਟੀ ਦੀ ਸਿਹਤ ਲਈ ਵਰਦਾਨ

ਹਰਜਿੰਦਰ ਸਿੰਘ ਕਲਸੀ,
ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਟਾਲਾ
ਮੋਬਾਇਲ : 97800-13977

ਅਗਾਂਵਧੂ ਕਿਸਾਨ ਗੁਰਮੁੱਖ ਸਿੰਘ ਕਲਸੀ ਪੁੱਤਰ ਸ. ਭੋਲਾ ਸਿੰਘ ਵਾਸੀ ਪਿੰਡ ਰੰਗੀਲਪੁਰ ਬਲਾਕ ਬਟਾਲਾ (ਗੁਰਦਾਸਪੁਰ) ਨੇ ਮੂਲ ਅਨਾਜਾਂ ਦੀ ਖੇਤੀ ਕਰਕੇ ਪੂਰੇ ਇਲਾਕੇ ਵਿੱਚ ਮਿਸਾਲ ਪੈਦਾ ਕੀਤੀ ਹੈ ਤੇ ਆਪਣੇ ਤਜ਼ਰਬੇ ਨਾਲ ਸਿੱਧ ਕੀਤਾ ਹੈ ਕਿ ਰਵਾਇਤੀ ਫ਼ਸਲਾਂ ਦੇ ਮੁਕਾਬਲੇ ਮੂਲ ਅਨਾਜ ਦੀ ਖੇਤੀ ਆਰਥਿਕ ਤੇ ਸਿਹਤ ਪੱਖੋਂ ਬਹੁਤ ਲਾਹੇਵੰਦ ਹੈ। ਗ੍ਰੈਜੂਏਟ ਅਗਾਂਹਵਧੂ ਕਿਸਾਨ ਗੁਰਮੁੱਖ ਸਿੰਘ ਉਸ ਦੀ ਪਤਨੀ ਅਤੇ ਦੋ ਬੱਚੇ ਅਤੇ ਇੱਕ ਭਰਾ ਦਾ ਪਰਿਵਾਰ ਕੁਦਰਤੀ ਖੇਤੀ ਕਰ ਰਿਹਾ ਹੈ ਅਤੇ ਆਪਣੇ ਪਿਤਾ ਪੁਰਖੀ ਕਾਰਜ ਖੇਤੀ ਨੂੰ ਅੱਗੇ ਵਧਾਇਆ ਹੈ।

ਮੂਲ ਅਨਾਜ ਦੀ ਖੇਤੀ ਵੱਲ ਆਉਣ ਦਾ ਕਾਰਨ ਦੱਸਦਿਆਂ ਗੁਰਮੁੱਖ ਸਿੰਘ ਨੇ ਦੱਸਿਆ ਕਿ ਉਹ ਕਣਕ ਅਤੇ ਝੋਨੇ ਤੋਂ ਇਲਾਵਾ ਮਸਰ, ਛੋਲੇ ਤੇ ਸਰ੍ਹੋਂ ਦੀ ਖੇਤੀ ਕਰਦੇ ਸਨ ਪਰ ਸਾਲ 2015 ਤੋਂ ਉਨ੍ਹਾਂ ਮੂਲ ਅਨਾਜਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ। ਉਨ੍ਹਾਂ ਮੂਲ ਅਨਾਜ ਜਿਵੇਂ ਕੋਧਰਾ, ਸਵਾਂਕ, ਕੰਗਣੀ, ਕੁਟਕੀ, ਹਰੀ ਕੰਗਣੀ, ਚੀਨਾ, ਜਵਾਰ ਤੇ ਬਾਜਵਾ ਦੀ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਪਹਿਲਾਂ 5-5 ਮਰਲਿਆਂ ਵਿੱਚ ਇਨ੍ਹਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ ਤੇ ਹੁਣ ਕਰੀਬ 3 ਏਕੜ ਵਿੱਚ ਮੂਲ ਅਨਾਜਾਂ ਦੀ ਖੇਤੀ ਕਰ ਰਹੇ ਹਨ। ਪਹਿਲੇ ਸਾਲ ਫ਼ਸਲ ਵਿੱਚ ਪਾਣੀ ਖੜ੍ਹਨ ਨਾਲ ਨੁਕਸਾਨ ਵੀ ਹੋਇਆ ਪਰ ਹੁਣ ਉਹ ਇਨ੍ਹਾਂ ਫ਼ਸਲਾਂ ਦੀ ਬਿਜਾਈ ਆਦਿ ਕਰਨ ਵਿੱਚ ਕਾਫ਼ੀ ਕੁੱਝ ਸਿੱਖ ਚੁੱਕੇ ਹਨ। ਮੂਲ ਅਨਾਜ ਸਾਉਣੀ ਦੀਆਂ ਫ਼ਸਲਾਂ ਵਿੱਚ ਆਉਂਦੀ ਹੈ।



ਅਗਾਂਹਵਧੂ ਕਿਸਾਨ ਗੁਰਮੁਖ ਸਿੰਘ ਨੇ ਦੱਸਿਆ ਕਿ ਇੱਕ ਏਕੜ ਵਿੱਚ ਕਰੀਬ 14 ਕੁਇੰਟਲ ਕੋਧਰਾ ਨਿਕਲਦਾ ਹੈ। ਇਸ ਉੱਪਰ ਬਿਜਾਈ, ਲਵਾਈ (ਪਨੀਰੀ ਬੀਜ ਕੇ), ਗੋਡੀਆਂ, ਕਟਾਈ (ਲੇਬਰ/ਕੰਬਾਈਨ) ਕਰੀਬ 27 ਹਜ਼ਾਰ ਰੁਪਏ ਪ੍ਰਤੀ ਖ਼ਰਚ ਆਉਂਦਾ ਹੈ ਅਤੇ ਸਾਰੀ ਤਿਆਰੀ ਕਰਨ ਉਪਰੰਤ ਕਰੀਬ 5.5 ਕੁਇੰਟਲ ਕੋਧਰਾ ਹੀ ਜ਼ਿਕਰਯੋਗ ਬਣਦਾ ਹੈ। ਉਨ੍ਹਾਂ ਦੱਸਿਆ ਕਿ ਮਾਰਕਿਟ ਵਿੱਚ ਇੱਕ ਕਿੱਲੋ ਕੋਧਰਾ 125 ਰੁਪਏ ਤੱਕ ਵਿਕ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਸਾਰੇ ਮੂਲ ਅਨਾਜਾਂ ਨੂੰ ਮਿਕਸ ਕਰ ਲਿਆ ਜਾਵੇ ਤਾਂ ਉਹ 150 ਰੁਪਏ ਕਿੱਲੋ ਤੱਕ ਵੀ ਵਿਕਦਾ ਹੈ।

ਉਨ੍ਹਾਂ ਦੱਸਿਆ ਕਿ ਬੇਸ਼ਕ ਕੋਧਰਾ ਅਤੇ ਬਾਕੀ ਮੂਲ ਅਨਾਜਾਂ ਵਿੱਚ ਕਾਸ਼ਤ, ਖ਼ਰਚਾ ਤੇ ਪੈਦਾਵਾਰ ਅਲੱਗ-ਅਲੱਗ ਹਨ, ਜਿਸ ਕਾਰਨ ਕਿਸਾਨ ਇਸ ਖੇਤੀ ਨੂੰ ਅਪਣਾਉਣ ਤੋਂ ਕਤਰਾਉਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਮੂਲ ਅਨਾਜਾਂ ਦੀ ਬਿਜਾਈ ਦੌਰਾਨ ਹੀ ਪਾਣੀ ਲੱਗਦਾ ਹੈ ਅਤੇ ਇਹ ਬਿਨਾ ਦਵਾਈ ਦੇ ਫ਼ਸਲ ਹੈ, ਕੋਈ ਕੀੜਾ ਨਹੀਂ ਲੱਗਦਾ ਹੈ। ਇਹ ਸਿਹਤ, ਪਾਣੀ, ਵਾਤਾਵਰਨ ਤੇ ਮਿੱਟੀ ਦੀ ਸਿਹਤ ਲਈ ਵਰਦਾਨ ਹੈ। ਮੂਲ ਅਨਾਜ, ਸ਼ੂਗਰ, ਬਲੱਡ ਪ੍ਰੈਸ਼ਰ, ਥਾਈਰਾਡ ਦੇ ਮਰੀਜ਼ਾਂ ਲਈ ਵਰਦਾਨ ਹਨ ਅਤੇ ਮੋਟਾਪਾ ਘੱਟ ਕਰਨ ਵਿੱਚ ਇਸ ਦਾ ਕੋਈ ਤੋੜ ਨਹੀਂ ਹੈ।

ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਦੇ ਚੱਕਰ ਤੋਂ ਕੱਢ ਕੇ ਮੂਲ ਅਨਾਜਾਂ ਦੀ ਖੇਤੀ ਵੱਲ ਲਿਆਉਣ ਦੀ ਗੱਲ ਕਰਦਿਆਂ ਕਿਸਾਨ ਗੁਰਮੁਖ ਸਿੰਘ ਕਲਸੀ ਨੇ ਦੱਸਿਆ ਕਿ ਜਿਵੇਂ ਕਿਸਾਨਾਂ ਨੂੰ ਕਣਕ ਤੇ ਝੋਨੇ ਦੀ ਫ਼ਸਲ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ, ਉਸੇ ਤਰਜ਼ 'ਤੇ ਮੂਲ ਅਨਾਜਾਂ 'ਤੇ ਦਿੱਤੀ ਜਾਵੇ। ਪ੍ਰੋਸੈਸਿੰਗ ਪਲਾਂਟ ਹਾਈਟੈਕ ਕੀਤੇ ਜਾਣ। ਸਿੱਧੀ ਫ਼ਸਲ ਵੇਚਣ ਦੀ ਥਾਂ ਪ੍ਰੋਡਕਟ ਤਿਆਰ ਕਰਨ ਵਿੱਚ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਮੂਲ ਅਨਾਜ ਤੋਂ ਪਾਸਤਾ, ਬਿਸਕੁਟ, ਨਮੀਨ, ਸੇਵੀਆਂ, ਕੇਕ ਤੇ ਪਾਪੜ ਆਦਿ ਤਿਆਰ ਕੀਤੇ ਜਾ ਸਕਦੇ ਹਨ। ਕਿਸਾਨਾਂ ਨੂੰ ਹੁਨਰਮੰਦ ਬਣਾਉਣ ਲਈ ਹੋਰ ਯਤਨ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਮੂਲ ਅਨਾਜ ਦੀ ਖੇਤੀ ਵਿਚ ਮਿਹਨਤ ਬਹੁਤ ਜ਼ਿਆਦਾ ਹੈ, ਮੂਲ ਅਨਾਜ ਖੇਤੀ ਦੇ ਅਣਦਿੱਖ ਫ਼ਾਇਦੇ ਹੋਣ ਕਾਰਨ ਕਿਸਾਨਾਂ ਦੀ ਰੁੱਚੀ ਘੱਟ ਹੈ। ਕਿਸਾਨ ਗੁਰਮੁਖ ਸਿੰਘ ਕਲਸੀ ਨੇ ਅੱਗੇ ਕਿਹਾ ਕਿ ਜੇਕਰ ਅਸੀਂ ਆਪਣੀਆਂ ਨਸਲਾਂ ਨੂੰ ਸੰਭਾਲਣਾ ਹੈ ਤਾਂ ਫ਼ਸਲਾਂ ਨੂੰ ਸੰਭਾਲਣਾ ਸਮੇਂ ਦੀ ਬਹੁਤ ਲੋੜ ਹੈ। ਰਵਾਇਤੀ ਖੇਤੀ ਵਿੱਚੋਂ ਬਾਹਰ ਆਉਣਾ ਹੀ ਪਵੇਗਾ। ਉਨ੍ਹਾਂ ਅੱਗੇ ਕਿਹਾ ਕਿ ਮੂਲ ਅਨਾਜ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਰਾਨੀ ਜਾਂ ਖੁਸ਼ਕ ਇਲਾਕੇ ਵਿੱਚ ਮੂਲ ਅਨਾਜ ਦੀ ਖੇਤੀ ਕਰਨ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਮਾਹਰਾਂ ਦੀ ਸਲਾਹ ਨਾਲ ਹੀ ਕੀਟਨਾਸ਼ਕ ਦਵਾਈਆਂ ਆਦਿ ਦੀ ਵਰਤੋਂ ਕਰਨ। ਫ਼ਸਲੀ ਵਿਭਿੰਨਤਾ ਨੂੰ ਅਪਣਾਇਆ ਜਾਵੇ ਤਾਂ ਹੀ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਚੰਗਾ ਜੀਵਨ ਤੇ ਚੰਗੀ ਖੇਤੀ ਦੇ ਕੇ ਜਾ ਸਕਦੀ ਹੈ।

ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਅਗਾਂਹਵਧੂ ਕਿਸਾਨ ਗੁਰਮੁਖ ਸਿੰਘ, ਸਾਡੇ ਜ਼ਿਲ੍ਹੇ ਦਾ ਮਾਣ ਹਨ। ਇਨ੍ਹਾਂ ਨੂੰ ਆਤਮਾ ਸਕੀਮ ਬਟਾਲਾ ਵਲੋਂ ਬਲਾਕ ਫਾਰਮਰ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਤੇ ਕਿਸਾਨ ਮਿੱਤਰ ਵਜੋਂ ਸ਼ਾਮਿਲ ਕੀਤਾ ਗਿਆ ਹੈ। ਸਮੇਂ-ਸਮੇਂ 'ਤੇ ਜ਼ਿਲ੍ਹਾ ਪ੍ਰਸ਼ਾਸਨ, ਖੇਤੀਬਾੜੀ ਵਿਭਾਗ ਤੇ ਪੀ.ਏ.ਯੂ. ਵਲੋਂ ਇਨ੍ਹਾਂ ਸਨਮਾਨਿਤ ਕੀਤਾ ਗਿਆ ਹੈ।

# ਪਰਾਲੀ ਨੂੰ ਖੇਤ ਵਿੱਚ ਵਾਹ ਕੇ ਮਿੱਟੀ ਦੀ ਸਿਹਤ ਬਣਾਓ

ਉਪਿੰਦਰ ਸਿੰਘ ਸੰਧੂ ਅਤੇ ਰਾਜੀਵ ਸਿੱਕਾ, ਭੂਮੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 98884-60091)

### ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਸੰਭਾਲਣ ਦੇ ਫ਼ਾਇਦੇ

**ਮਿੱਟੀ ਦੀ ਸਿਹਤ ਵਿੱਚ ਸੁਧਾਰ** : ਪਰਾਲੀ ਸਾੜਣ ਨਾਲ ਖੇਤੀ ਲਈ ਲੋੜੀਂਦੇ ਬਹੁਤ ਸਾਰੇ ਖੁਰਾਕੀ ਤੱਤ ਸੜ ਜਾਂਦੇ ਹਨ ਜਿਸ ਨਾਲ ਮਿੱਟੀ ਦੀ ਸਿਹਤ ਇੱਕ ਏਕੜ ਦੀ ਪਰਾਲੀ ਨੂੰ ਸਾੜਣ ਨਾਲ ਲਗਭਗ 90 ਪ੍ਰਤੀਸ਼ਤ ਜੈਵਿਕ ਕਾਰਬਨ, ਨਾਈਟ੍ਰੋਜਨ, ਸਲਫ਼ਰ ਅਤੇ 20-25 ਪ੍ਰਤੀਸ਼ਤ ਫ਼ਾਸਫ਼ੋਰਸ ਅਤੇ ਪੋਟਾਸ਼ੀਅਮ ਤੱਤ ਨਸ਼ਟ ਹੋ ਜਾਂਦੇ ਹਨ। ਜੇਕਰ ਖਾਦਾਂ ਦੀ ਮਿਕਦਾਰ ਵਿੱਚ ਗੱਲ ਕੀਤੀ ਜਾਵੇ ਤਾਂ




ਦਾ ਨੁਕਸਾਨ ਹੁੰਦਾ ਹੈ। ਇਸਦੇ ਉਲਟ ਜੇਕਰ ਇੱਕ ਏਕੜ ਦੀ ਪਰਾਲੀ (ਲਗਭਗ 2.4 ਟਨ) ਨੂੰ ਖੇਤ ਵਿੱਚ ਵਹਾਇਆ ਜਾਵੇ ਤਾਂ ਲਗਭਗ 13.2 ਕਿਲੋ ਨਾਈਟ੍ਰੋਜਨ (28.6 ਕਿਲੋ ਯੂਰੀਆ), 5.52 ਕਿਲੋ ਫ਼ਾਸਫ਼ੋਰਸ (33.9 ਕਿਲੋ ਸੁਪਰ-ਫ਼ਾਸਫ਼ੇਟ), 60 ਕਿਲੋ ਪੋਟਾਸ਼ (100 ਕਿਲੋ ਮਿਊਰੇਟ ਆਫ ਪੋਟਾਸ਼) ਅਤੇ 2.88 ਕਿਲੋ ਸਲਫ਼ਰ (3.21 ਕਿਲੋ ਬੈਂਟਾਨਾਈਟ-ਸਲਫਰ) ਤੱਤ ਸਿੱਧੇ ਤੌਰ ਤੇ ਖੇਤ ਵਿੱਚ ਪਾਏ ਜਾ ਸਕਦੇ ਹਨ, ਜਿਨ੍ਹਾਂ ਦੀ ਕੀਮਤ ਲਗਭਗ 5250/- ਰੁਪਏ ਬਣਦੀ ਹੈ। ਇਸ ਇੱਕ ਏਕੜ ਦੀ ਪਰਾਲੀ ਨੂੰ ਸਾੜਨ ਨਾਲ ਲਗਭਗ 25.8 ਕਿਲੋ ਯੂਰੀਆ, 8.6 ਕਿਲੋ ਸੁਪਰ-ਫ਼ਾਸਫੇਟ ਅਤੇ 20 ਕਿਲੋ ਮਿਊਰੇਟ ਆਫ਼ ਪੋਟਾਸ਼ ਅਤੇ 2.9 ਕਿਲੋ ਬੈਂਟੋਨਾਈਟ-ਸਲਫ਼ਰ ਖਾਦ ਦਾ ਨੁਕਸਾਨ ਹੋ ਜਾਂਦਾ ਹੈ, ਜੋ ਕਿ ਸਿੱਧੇ ਤੌਰ ਤੇ ਫ਼ਸਲ ਦੇ ਵਾਧੇ ਅਤੇ ਵਿਕਾਸ ਲਈ ਯੋਗਦਾਨ ਪਾ ਸਕਦੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਹ ਸਿਫ਼ਾਰਸ਼ ਕੀਤਾ ਜਾਂਦਾ ਹੈ ਕਿ ਜਿੱਥੇ ਕਣਕ ਦੀ ਬਿਜਾਈ ਝੋਨੇ ਦੀ ਪਰਾਲੀ ਖੇਤ ਵਿੱਚ ਸੰਭਾਲ ਕੇ ਤਿੰਨ ਸਾਲਾਂ ਤੋਂ ਲਗਾਤਾਰ ਹੈਪੀ ਸੀਡਰ ਨਾਲ ਕੀਤੀ ਜਾ ਰਹੀ ਹੈ, ਉੱਥੇ ਚੌਥੇ ਸਾਲ ਤੋਂ ਕਣਕ ਵਿੱਚ 20 ਕਿਲੋ ਯੂਰੀਆ ਪ੍ਰਤੀ ਏਕੜ ਘੱਟ ਪਾਉ।

**1. ਮਿੱਟੀ ਦੀ ਬਣਤਰ ਅਤੇ ਨਮੀ ਨੂੰ ਬਰਕਰਾਰ ਰੱਖਣ ਵਿੱਚ ਸੁਧਾਰ** : ਝੋਨੇ ਦੀ ਪਰਾਲੀ ਨੂੰ ਮਿੱਟੀ ਵਿੱਚ ਵਹਾਉਣ ਨਾਲ ਮਿੱਟੀ ਦੇ ਭੌਤਿਕ ਗੁਣਾਂ ਜਿਸ ਵਿੱਚ ਮਿੱਟੀ ਦੀ ਬਣਤਰ ਅਤੇ ਜ਼ਮੀਨ ਵਿੱਚ ਨਮੀ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਵਿੱਚ ਸੁਧਾਰ ਹੁੰਦਾ ਹੈ। ਬੇਹਤਰ ਮਿੱਟੀ ਦੀ ਬਣਤਰ ਪੌਦੇ ਦੀਆਂ ਜੜ੍ਹਾਂ ਦੇ ਵਿਕਾਸ ਅਤੇ ਫ਼ਸਲ ਦੇ ਵਿਕਾਸ ਨੂੰ ਵੀ ਸਹਾਇਕ ਹੁੰਦੀ ਹੈ।

**2. ਸੂਖਮ ਜੀਵਾਂ ਦੀ ਗਿਣਤੀ ਅਤੇ ਗਤੀਵਿਧੀਆਂ ਵਿੱਚ ਵਾਧਾ** : ਝੋਨੇ ਦੀ ਪਰਾਲੀ ਸੂਖਮ ਜੀਵਾਂ ਲਈ ਭੋਜਨ ਦਾ ਕੰਮ ਕਰਦੀ ਹੈ, ਜਿਸ ਨਾਲ ਉਨ੍ਹਾਂ ਦੀ ਗਿਣਤੀ ਅਤੇ ਗਤੀਵਿਧੀ ਵਿੱਚ ਵਾਧਾ ਹੁੰਦਾ ਹੈ। ਸੂਖਮ ਜੀਵਾਂ ਦੀ ਵੱਧਦੀ ਗਿਣਤੀ ਅਤੇ ਗਤੀਵਿਧੀ ਮਿੱਟੀ ਦੀ ਸਿਹਤ ਵਧਾਉਣ ਵਿੱਚ ਸਹਾਈ ਹੁੰਦੀ ਹੈ।

**3. ਫ਼ਸਲ ਉਤਪਾਦਨ ਵਿੱਚ ਵਾਧਾ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੋਜ ਤਜ਼ਰਬਿਆਂ ਵਿੱਚ ਝੋਨੇ ਦੀ ਪਰਾਲੀ ਅਤੇ ਰਸਾਇਣਿਕ ਖਾਦਾਂ ਦੀ ਸੰਯੁਕਤ ਵਰਤੋਂ ਨਾਲ ਕਣਕ ਅਤੇ ਹੋਰ ਫ਼ਸਲਾਂ ਦੇ ਝਾੜ ਵਿੱਚ ਵਾਧਾ ਦੇਖਿਆ ਗਿਆ ਹੈ।

**4. ਵਾਤਵਰਣ ਪ੍ਰਦੂਸ਼ਣ ਵਿੱਚ ਗਿਰਾਵਟ** : ਪਰਾਲੀ ਸਾੜਨ ਨਾਲ ਬਹੁਤ ਸਾਰੀਆਂ ਗੈਸਾਂ ਜਿਵੇਂ ਕਿ 70% ਕਾਰਬਨ ਡਾਈਆਕਸਾਈਡ, 0.66% ਮੀਥੇਨ, 7% ਕਾਰਬਨ ਮੋਨੋਆਕਸਾਈਡ, 2.09% ਨਾਈਟ੍ਰਿਕ ਆਕਸਾਈਡ ਅਤੇ ਸਵਾਹ ਆਦਿ ਪੈਦਾ ਹੁੰਦੀਆਂ ਹਨ ਜੋ ਵਾਯੂਮੰਡਲ ਵਿੱਚ ਮੌਜੂਦ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ।

**ਤੱਤਾਂ ਦਾ ਮੁੱਲ** : ਨਾਈਟ੍ਰੋਜਨ @13.0 ਰੁਪਏ ਪ੍ਰਤੀ ਕਿਲੋ, ਫ਼ਾਸਫ਼ੋਰਸ @134.4 ਰੁਪਏ ਪ੍ਰਤੀ ਕਿਲੋ, ਪੋਟਾਸ਼ੀਅਮ @68.04 ਰੁਪਏ ਪ੍ਰਤੀ ਕਿਲੋ, ਸਲਫ਼ਰ @89 ਰੁਪਏ ਪ੍ਰਤੀ ਕਿਲੋ।

ਸਾਰਣੀ : ਝੋਨੇ ਦੀ ਪਰਾਲੀ ਵਿੱਚ ਮੌਜੂਦਾ ਤੱਤ

| ਤੱਤ | ਇੱਕ ਏਕੜ* ਝੋਨੇ ਦੀ ਪਰਾਲੀ ਵਿੱਚ ਮੌਜੂਦ ਤੱਤ (ਕਿਲੋ) | ਖਾਦਾਂ ਦੇ ਬਰਾਬਰ ਇੱਕ ਏਕੜ ਝੋਨੇ ਦੀ ਪਰਾਲੀ ਵਿੱਚ ਮੌਜੂਦ ਤੱਤ (ਕਿਲੋ) | ਇੱਕ ਏਕੜ ਝੋਨੇ ਦੀ ਪਰਾਲੀ ਵਿੱਚ ਮੌਜੂਦ ਤੱਤਾਂ ਦਾ ਮੁੱਲ (ਰੁਪਏ) | ਇੱਕ ਟਨ ਪਰਾਲੀ ਸਾੜਨ ਨਾਲ ਨਸ਼ਟ ਹੋਏ ਤੱਤ (ਕਿਲੋ) | ਇੱਕ ਏਕੜ ਝੋਨੇ ਦੀ ਪਰਾਲੀ ਸਾੜਨ ਨਾਲ ਨਸ਼ਟ ਹੋਏ ਤੱਤ (ਕਿਲੋ) | ਖਾਦਾਂ ਦੇ ਬਰਾਬਰ ਇੱਕ ਏਕੜ ਝੋਨੇ ਦੀ ਪਰਾਲੀ ਸਾੜਨ ਨਾਲ ਨਸ਼ਟ ਹੋਏ ਤੱਤ (ਕਿਲੋ) | ਇੱਕ ਏਕੜ ਝੋਨੇ ਦੀ ਪਰਾਲੀ ਸਾੜਨ ਨਾਲ ਨਸ਼ਟ ਹੋਏ ਤੱਤਾਂ ਦਾ ਮੁੱਲ (ਰੁਪਏ) |
|---|---|---|---|---|---|---|---|
| ਨਾਈਟ੍ਰੋਜਨ | 13.2 | 28.6 (ਯੂਰੀਆ) | 171 | 4.95 (90% ਲੋਸਸ) | 11.9 | 25.8 (ਯੂਰੀਆ) | 154 |
| ਫ਼ਾਸਫ਼ੋਰਸ | 5.52 | 33.9 (ਸੁਪਰ-ਫ਼ਾਸਫ਼ੇਟ) | 742 | 0.575 (20% ਲੋਸਸ) | 1.4 | 8.6 (ਸੁਪਰ-ਫ਼ਾਸਫ਼ੇਟ) | 148 |
| ਪੋਟਾਸ਼ੀਅਮ | 60.0 | 100 (ਮਿਊਰੇਟ ਆਫ਼ ਪੋਟਾਸ਼) | 4081 | 5.0 (20% ਲੋਸਸ) | 12.0 | 20 (ਮਿਊਰੇਟ ਆਫ਼ ਪੋਟਾਸ਼) | 817 |
| ਸਲਫ਼ਰ (ਗੰਧਕ) | 2.88 | 3.21 (ਬੈਂਟੋਨਾਈਟ-ਸਲਫ਼ਰ) | 256 | 1.08 (20% ਲੋਸਸ) | 2.6 | 2.9 (ਬੈਂਟੋਨਾਈਟ-ਸਲਫ਼ਰ) | 231 |
| ਕੁੱਲ | | | 5250/- | | | | 1350/- |

*ਇੱਕ ਏਕੜ ਝੋਨੇ ਦੀ ਪਰਾਲੀ ਔਸਤਨ 2.4 ਟਨ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 41**
**ਮਿਤੀ 11-10-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**




# ਹੜ੍ਹਾਂ ਦੀ ਮਾਰ ਕਾਰਨ ਲੋਕਾਂ ਦਾ ਲੀਹੋਂ ਲੱਥਾ ਜੀਵਨ...

ਪੰਜਾਬ ਦੇ ਜੰਮਿਆਂ ਨੂੰ ਆਪਣੇ ਹੱਕਾਂ ਖ਼ਾਤਰ ਵੱਡੀਆਂ ਚੁਣੌਤੀਆਂ ਤੇ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਬਾਹਰੀ ਚੁਣੌਤੀਆਂ ਹੋਣ ਜਾਂ ਕੁਦਰਤੀ ਕਰੋਪੀਆਂ, ਪੰਜਾਬ ਦੇ ਲੋਕਾਂ ਨੇ ਹਮੇਸ਼ਾ ਇਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ ਹੈ। ਪੰਜਾਬ ਯੋਧਿਆਂ ਸੂਰਬੀਰਾਂ, ਪੈਗੰਬਰਾਂ ਦੀ ਧਰਤੀ ਹੈ, ਜਿੱਥੇ ਪੰਜਾਬੀਆਂ ਨੇ ਕਿਸੇ ਵੀ ਚੁਣੌਤੀ ਤੋਂ ਭੱਜਣ ਦੀ ਬਜਾਏ ਹਮੇਸ਼ਾ ਉਸ ਦਾ ਹਿੱਕ ਤਾਣ ਕੇ ਸਾਹਮਣਾ ਕੀਤਾ ਹੈ। ਖ਼ਾਸ ਕਰ ਕੇ ਇਨ੍ਹਾਂ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਨੇ ਤਾਂ ਬਹੁਤ ਦਰਦ ਆਪਣੇ ਪਿੰਡੇ 'ਤੇ ਹੰਢਾਏ ਹਨ। ਧਾੜਵੀਆਂ ਦੇ ਹਮਲਿਆਂ ਤੋਂ ਲੈ ਕੇ ਜੰਗਾਂ ਤੇ ਦੇਸ਼ ਦੀ ਵੰਡ ਦੇ ਉਜਾੜੇ ਦਾ ਸੰਤਾਪ ਵੀ ਇਨ੍ਹਾਂ ਆਪਣੇ ਪਿੰਡੇ 'ਤੇ ਹੰਢਾਇਆ ਹੈ, ਜਿਨ੍ਹਾਂ ਦੇ ਜ਼ਖ਼ਮ ਪਹਿਲਾਂ ਹੀ ਅੱਲੇ ਹਨ। ਪੰਜਾਬ ਦੇ ਲੋਕ ਜਿੰਨੀ ਵਾਰ ਵੀ ਉਜੜੇ, ਹਰ ਵਾਰ ਦੂਣ ਸਵਾਏ ਹੀ ਹੋਏ, ਹੋਰ ਮਜ਼ਬੂਤੀ ਨਾਲ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਘਬਰਾਏ ਨਹੀਂ ਸਗੋਂ ਇਨ੍ਹਾਂ ਨੇ ਬੁਲੰਦ ਹੌਸਲਿਆਂ ਨਾਲ ਚੁਣੌਤੀਆਂ ਦਾ ਡੱਟ ਕੇ ਸਾਹਮਣਾ ਕੀਤਾ ਅਤੇ ਕਰਦੇ ਰਹਿਣਗੇ।

'ਇਨ੍ਹਾਂ ਰਿਸਦੇ ਜ਼ਖ਼ਮਾਂ ਦਾ ਕੀ ਕਹਿਣਾ...'

ਸ਼ਾਇਦ ਇਹ ਸਤਰਾਂ ਪੰਜਾਬ ਦੇ ਦਰਿਆਵਾਂ ਦੇ ਕਿਨਾਰਿਆਂ 'ਤੇ ਵਸਦੇ ਲੋਕਾਂ ਉੱਤੇ ਢੁਕਦੀਆਂ ਹਨ ਕਿਉਂਕਿ ਉਜਾੜਾ ਹਮੇਸ਼ਾ ਇਨ੍ਹਾਂ ਦੇ ਸਿਰ ਤੇ ਮੰਡਰਾਉਂਦਾ ਰਹਿੰਦਾ ਹੈ। ਜਿਸ ਦੀ ਮੂੰਹ ਬੋਲਦੀ ਤਸਵੀਰ ਕੁਦਰਤ ਨੇ ਇੱਕ ਵਾਰ ਫਿਰ ਤੋਂ ਦੁਹਰਾ ਦਿੱਤੀ ਹੈ। ਇੱਕ ਵਾਰ ਫਿਰ ਤੋਂ ਇਨ੍ਹਾਂ ਲੋਕਾਂ ਨੂੰ ਹੜ੍ਹਾਂ ਦੇ ਪਾਣੀਆਂ ਨੇ ਆਪਣੀ ਲਪੇਟ ਵਿੱਚ ਲੈਂਦਿਆਂ ਅਰਸ਼ਾਂ ਤੋਂ ਫ਼ਰਸ਼ਾਂ 'ਤੇ ਸੁੱਟ ਦਿੱਤਾ ਹੈ। ਸੁੱਖ ਸਹੂਲਤਾਂ ਲਈ ਦਿਨ-ਰਾਤ ਮਿਹਨਤ ਕਰ ਕੇ ਇੱਕਠੀਆਂ ਕੀਤੀਆਂ ਵਸਤਾਂ, ਉਮਰ ਭਰ ਦੀ ਕਮਾਈ ਨਾਲ ਸਿਰਜੇ ਮਹਿਲਾਂ ਵਰਗੇ ਘਰ, ਕੁੱਝ ਹੀ ਪਲਾਂ ਵਿੱਚ ਹੜ੍ਹਾਂ ਦੇ ਪਾਣੀ ਦੇ ਤੇਜ਼ ਵਹਾਅ ਨੇ ਰੇਤ ਦੀਆਂ ਢੇਰੀਆਂ ਵਾਂਗ, ਅੱਖਾਂ ਸਾਹਮਣੇ ਸਭ ਕੁੱਝ ਤਬਾਹ ਕਰ ਦਿੱਤੇ। ਵੇਖਦਿਆਂ ਹੀ ਵੇਖਦਿਆਂ ਇੱਟਾਂ ਪੱਥਰਾਂ ਦੇ ਬਣੇ ਮਹਿਲਾਂ ਵਰਗੇ ਘਰਾਂ ਤੋਂ ਕਦੋਂ ਤਰਪਾਲਾਂ ਹੇਠ ਭੁੱਖਣ ਭਾਣੀ ਜ਼ਿੰਦਗੀ ਆਣ ਖਲ੍ਹੋ ਗਈ, ਪਤਾ ਵੀ ਨਾ ਲੱਗਾ। ਮਾਲ ਡੰਗਰ, ਫ਼ਸਲ ਬਾੜੀ, ਸੋਨਾ ਉਪਜਦੀਆਂ ਜ਼ਮੀਨਾਂ ਰੇਤਾ ਦੇ ਢੇਰਾਂ ਵਿੱਚ ਬਦਲ ਗਈਆਂ। ਅਜਿਹਾ ਕਦੇ ਚਿਤਵਿਆ ਵੀ ਨਹੀਂ ਸੀ।

> ਇਸ ਔਖੀ ਘੜੀ ਵਿੱਚ ਅਪਣਿਆਂ ਨੇ ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਵਿੱਚ ਆਪਣੇ ਵੱਲੋਂ ਤਾਂ ਕੋਈ ਕਸਰ ਨਹੀਂ ਛੱਡੀ। ਸਰਕਾਰਾਂ ਵੀ ਆਪਣੀ ਜ਼ਿੰਮੇਵਾਰੀ ਬਿਨਾਂ ਕਿਸੇ ਭੇਦਭਾਵ ਦੇ ਇਸ ਮੁਸੀਬਤ ਵੇਲੇ ਇਨ੍ਹਾਂ ਲੋਕਾਂ ਦੀ ਬਾਂਹ ਫੜ ਕੇ ਪੂਰੀ ਤਨਦੇਹੀ ਨਾਲ ਨਿਭਾਉਣ। ਕਿਉਂਕਿ ਇਨ੍ਹਾਂ ਪੰਜਾਬ ਦੇ ਜਾਇਆਂ ਨੇ ਜਦੋਂ ਵੀ ਦੇਸ਼ ਨੂੰ ਲੋੜ ਪੈਂਦੀ ਹੈ ਤਾਂ ਆਪਣੇ ਖ਼ੂਨ ਪਸੀਨੇ ਨਾਲ ਸਾਰੇ ਦੇਸ਼ ਦਾ ਢਿੱਡ ਹੀ ਨਹੀਂ ਭਰਿਆ, ਮੁਸੀਬਤ ਵੇਲੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਆਪਣੇ ਦੇਸ਼ ਅਤੇ ਲੋਕਾਈ ਖਾਤਰ ਹਿੱਕ ਡਾਹ ਕੇ ਖੜ੍ਹ ਗਏ ਹਨ। ਇਸ ਔਖੀ ਘੜੀ ਵਿੱਚ ਜਿਵੇਂ ਪੰਜਾਬੀਆਂ ਨੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਆਪਣੇ ਲੋਕਾਂ ਦੀ ਮਦਦ ਲਈ ਜੋ ਏਕਤਾ ਦੀ ਮਿਸਾਲ ਪੈਦਾ ਕੀਤੀ ਹੈ, ਇਸੇ ਤਰ੍ਹਾਂ ਹੀ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੇ ਇੱਕ ਦੂਜੇ ਨੂੰ ਭੰਡਣ ਦੀ ਬਜਾਏ ਲੋਕਾਂ ਦੀ ਹਰ ਸੰਭਵ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਮੁਸ਼ਕਲ ਘੜੀ ਵਿੱਚ ਜਦੋਂ ਸਭ ਕੁੱਝ ਉਜੜ ਗਿਆ ਹੋਵੇ, ਸਿਵਾਏ ਤਨ ਦੇ ਕੱਪੜਿਆਂ ਤੋਂ, ਉਦੋਂ ਆਪਣਿਆਂ ਵੱਲੋਂ ਬਿਨਾ ਸਵਾਰਥ ਦੇ ਹਰ ਤਰ੍ਹਾਂ ਦੀ ਕੀਤੀ ਜਾ ਰਹੀ ਮਦਦ, 'ਡੁਬਦੇ ਨੂੰ ਤਿਣਕੇ ਦਾ ਸਹਾਰਾ' ਵਾਂਗ ਕੰਮ ਕਰਦੀ ਹੈ। ਇਨ੍ਹਾਂ ਲੀਹੋਂ ਲੱਥੇ ਲੋਕਾਂ ਦੀ ਮਦਦ ਲਈ ਇੱਕ ਵਾਰ ਫਿਰ ਤੋਂ ਸਰਕਾਰਾਂ ਤੋਂ ਪਹਿਲਾਂ ਆਪਣਿਆਂ ਨੇ ਆਪਣੀ ਧਰਤੀ ਦੇ ਜਾਇਆਂ ਲਈ ਇਸ ਮੁਸੀਬਤ ਵੇਲੇ ਜੋ ਦਰਿਆ ਦਿਲੀ ਵਿਖਾਈ ਹੈ, ਸ਼ਾਇਦ ਇਸ ਤਰ੍ਹਾਂ ਦੀ ਮਿਸਾਲ ਦੁਨੀਆਂ ਭਰ ਵਿੱਚ ਹੋਰ ਕਿਤੇ ਨਾ ਮਿਲੇ।

ਭਾਵੇਂ ਇਸ ਔਖੀ ਘੜੀ ਵਿੱਚ ਵੱਡੇ ਪੱਧਰ ਤੇ ਆਪ ਮੁਹਾਰੇ ਲੋਕ ਲੋੜਵੰਦਾਂ ਦੀ ਮਦਦ ਲਈ ਮੁੱਢਲੀਆਂ ਸਹੂਲਤਾਂ ਜਿਵੇਂ ਖਾਣ ਪੀਣ ਤੋਂ ਲੈ ਕੇ ਤਨ ਢੱਕਣ ਲਈ ਕੱਪੜੇ, ਬਿਸਤਰੇ, ਤਰਪਾਲਾਂ, ਪੀਣ ਵਾਲਾ ਪਾਣੀ, ਦਵਾਈਆਂ, ਇੱਥੋਂ ਤੱਕ ਕਿ ਬੇਜ਼ੁਬਾਨਾਂ ਲਈ ਟਰਾਲੀਆਂ ਭਰ-ਭਰ ਕੇ ਫੀਡ, ਚਾਰਾ, ਤੂੜੀ, ਚੋਕਰ ਲੈ ਕੇ ਪਹੁੰਚੇ ਹਨ।



ਇਸ ਔਖੀ ਘੜੀ ਵਿੱਚ ਅਪਣਿਆਂ ਨੇ ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਵਿੱਚ ਆਪਣੇ ਵੱਲੋਂ ਤਾਂ ਕੋਈ ਕਸਰ ਨਹੀਂ ਛੱਡੀ। ਸਰਕਾਰਾਂ ਵੀ ਆਪਣੀ ਜ਼ਿੰਮੇਵਾਰੀ ਬਿਨਾਂ ਕਿਸੇ ਭੇਦਭਾਵ ਦੇ ਇਸ ਮੁਸੀਬਤ ਵੇਲੇ ਇਨ੍ਹਾਂ ਲੋਕਾਂ ਦੀ ਬਾਂਹ ਫੜ ਕੇ ਪੂਰੀ ਤਨਦੇਹੀ ਨਾਲ ਨਿਭਾਉਣ। ਕਿਉਂਕਿ ਇਨ੍ਹਾਂ ਪੰਜਾਬ ਦੇ ਜਾਇਆਂ ਨੇ ਜਦੋਂ ਵੀ ਦੇਸ਼ ਨੂੰ ਲੋੜ ਪੈਂਦੀ ਹੈ ਤਾਂ ਆਪਣੇ ਖ਼ੂਨ ਪਸੀਨੇ ਨਾਲ ਸਾਰੇ ਦੇਸ਼ ਦਾ ਢਿੱਡ ਹੀ ਨਹੀਂ ਭਰਿਆ, ਮੁਸੀਬਤ ਵੇਲੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਆਪਣੇ ਦੇਸ਼ ਅਤੇ ਲੋਕਾਈ ਖਾਤਰ ਹਿੱਕ ਡਾਹ ਕੇ ਖੜ੍ਹ ਗਏ ਹਨ।

ਇਸ ਔਖੀ ਘੜੀ ਵਿੱਚ ਜਿਵੇਂ ਪੰਜਾਬੀਆਂ ਨੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਆਪਣੇ ਲੋਕਾਂ ਦੀ ਮਦਦ ਲਈ ਜੋ ਏਕਤਾ ਦੀ ਮਿਸਾਲ ਪੈਦਾ ਕੀਤੀ ਹੈ, ਇਸੇ ਤਰ੍ਹਾਂ ਹੀ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੇ ਇੱਕ ਦੂਜੇ ਨੂੰ ਭੰਡਣ ਦੀ ਬਜਾਏ ਲੋਕਾਂ ਦੀ ਹਰ ਸੰਭਵ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਤਬਾਹੀ ਦੇ ਮੰਜਰ ਨੇ ਲੋਕਾਂ ਦੇ ਜੀਵਨ ਨੂੰ ਲੀਹੋਂ ਲਾਹ ਕੇ ਸੁੱਟ ਦਿੱਤਾ ਹੈ ਜਿਸ ਨੂੰ ਹੌਲੀ-ਹੌਲੀ ਲੀਹ ਤੇ ਲਿਆਉਣ ਲਈ ਆਉਣ ਵਾਲੇ ਦਿਨਾਂ ਵਿੱਚ ਸਾਥ ਦੀ ਲੋੜ ਹੈ। ਹੁਣ ਤੋਂ ਹੀ ਐਨਜੀਓ, ਧਾਰਮਕ ਸੰਸਥਾਵਾਂ, ਜੱਥੇਬੰਦੀਆਂ ਨੂੰ ਵਿਉਂਤਬੰਦੀ ਕਰ ਕੇ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਲੋਕਾਂ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਚੁਣੌਤੀਆਂ ਨਾਲ ਕਿਵੇਂ ਨਿਪਟਣਾ ਹੈ ਅਤੇ ਲੀਹੋਂ ਲੱਥੇ ਲੋਕਾਂ ਦੇ ਜੀਵਨ ਪੱਧਰ ਨੂੰ ਮੁੜ ਤੋਂ ਪਟੜੀ ਤੇ ਲੈ ਕੇ ਆਉਣਾ ਹੈ, ਹੁਣ ਤੋਂ ਹੀ ਤਿਆਰੀਆਂ ਵਿੱਚ ਜੁੱਟ ਜਾਣਾ ਚਾਹੀਦਾ ਹੈ।


**ਕਸ਼ਮੀਰ ਸਿੰਘ ਸੰਧੂ**
ਮੋ. 78379-17054



# ਗੁਲਾਬੀ ਸੁੰਡੀ ਦਾ ਕਣਕ ਵਿੱਚ ਹਮਲਾ ਰੋਕਣ ਲਈ ਝੋਨੇ/ਬਾਸਮਤੀ ਦੀ ਫ਼ਸਲ ਵਿੱਚ ਹੀ ਕਰੋ ਰੋਕਥਾਮ

ਸਿਮਰਨਜੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ,
ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋਬਾਇਲ : 70095-73511)

**ਗੁਲਾਬੀ ਸੁੰਡੀ ਮੁੱਖ ਤੌਰ ਤੇ ਝੋਨਾ, ਮੱਕੀ, ਬਾਜਰਾ ਅਤੇ ਕਮਾਦ ਆਦਿ ਦੀ ਫ਼ਸਲ ਦਾ ਕੀੜਾ ਹੈ ਪਰ ਪਿਛਲੇ ਕੁੱਝ ਸਮੇਂ ਤੋਂ ਬਦਲ ਰਹੇ ਵਾਤਾਵਰਣ ਕਰਕੇ, ਮੁੱਖ ਫ਼ਸਲੀ ਚੱਕਰ ਅਤੇ ਝੋਨੇ ਦੀ ਕਟਾਈ ਤੋਂ ਤੁਰੰਤ ਬਾਅਦ ਕਣਕ ਦੀ ਬਿਜਾਈ ਕਾਰਨ ਇਹ ਕੀੜਾ ਕਣਕ ਦੀ ਫ਼ਸਲ ਉੱਪਰ ਵੀ ਦੇਖਣ ਨੂੰ ਮਿਲ ਰਿਹਾ ਹੈ। ਜੇਕਰ ਗੁਲਾਬੀ ਸੁੰਡੀ ਦੀ ਸਹੀ ਸਮੇਂ ਤੇ ਰੋਕਥਾਮ ਨਾ ਕੀਤੀ ਜਾਵੇ ਤਾਂ ਹਮਲਾ ਵੱਧ ਜਾਂਦਾ ਹੈ ਅਤੇ ਫ਼ਸਲ ਦਾ ਕਾਫ਼ੀ ਨੁਕਸਾਨ ਹੁੰਦਾ ਹੈ।**

ਝੋਨੇ/ਬਾਸਮਤੀ ਦੀ ਵਾਢੀ ਤੋਂ ਬਾਅਦ ਇਹ ਕੀੜਾ ਖੇਤ (ਪਰਾਲ) ਵਿੱਚ ਰਹਿੰਦਾ ਹੈ ਅਤੇ ਫਿਰ ਕਣਕ ਦੀ ਫ਼ਸਲ ਤੇ ਹਮਲਾ ਕਰਦਾ ਹੈ। ਇਸ ਦਾ ਹਮਲਾ ਆਮ ਤੌਰ ਤੇ 30-45 ਦਿਨਾਂ ਦੀ ਕਣਕ ਦੀ ਫ਼ਸਲ ਤੇ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਗੁਲਾਬੀ ਸੁੰਡੀ ਦੀ ਮਾਦਾ ਪਤੰਗਾ ਬੂਟੇ ਦੇ ਪੱਤੇ, ਤਣੇ ਜਾਂ ਮੁੱਢਾਂ ਤੇ ਅੰਡੇ ਦਿੰਦੀ ਹੈ। ਅੰਡੇ ਤੋਂ ਸੁੰਡੀ ਨਿਕਲਦੀ ਹੈ, ਜੋ ਕਣਕ ਦੇ ਛੋਟੇ ਬੂਟਿਆਂ ਦੇ ਤਣੇ ਵਿੱਚ ਮੋਰੀ ਕਰਕੇ ਅੰਦਰ ਚਲੀ ਜਾਂਦੀ ਹੈ। ਹਮਲੇ ਵਾਲੇ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਅਖੀਰ ਸੁੱਕ ਕੇ ਮਰ ਜਾਂਦੇ ਹਨ, ਜਿਸਨੂੰ ''ਡੈੱਡ ਹਾਰਟ'' ਵੀ ਕਹਿੰਦੇ ਹਨ। ਇਸਦੀ ਢੁੱਕਵੀਂ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਣਾਓ :

1. ਝੋਨੇ/ਬਾਸਮਤੀ ਦੀ ਫ਼ਸਲ ਉੱਪਰ ਗੁਲਾਬੀ ਸੁੰਡੀ ਦਾ ਸਤੰਬਰ-ਅਕਤੂਬਰ ਮਹੀਨੇ ਵਿੱਚ ਹਰ ਹਫ਼ਤੇ ਲਗਾਤਾਰ ਸਰਵੇਖਣ ਕਰੋ ਅਤੇ ਜੇਕਰ ਝੋਨੇ ਵਿੱਚ ਪੰਜ ਅਤੇ ਬਾਸਮਤੀ ਵਿੱਚ ਦੋ ਪ੍ਰਤੀਸ਼ਤ ਜਾਂ ਜ਼ਿਆਦਾ ਚਿੱਟੀਆਂ ਮੁੰਜਰਾਂ ਨਜ਼ਰ ਆਉਣ ਤਾਂ ਸਿਫਾਰਿਸ਼ ਕੀਤੇ ਕੀਟਨਾਸ਼ਕਾਂ ਨਾਲ ਰੋਕਥਾਮ ਕਰੋ ਤਾਂ ਜੋ ਅਗਲੀ ਕਣਕ ਦੀ ਫ਼ਸਲ ਤੇ ਇਨ੍ਹਾਂ ਦੇ ਹਮਲੇ ਤੋਂ ਬਚਿਆ ਜਾ ਸਕੇ।

2. ਤਣੇ ਦੀ ਗੁਲਾਬੀ ਸੁੰਡੀ ਦਾ ਥੋੜ੍ਹਾ ਹਮਲਾ ਪਹਿਲੇ ਪਾਣੀ ਨਾਲ ਆਪਣੇ-ਆਪ ਠੀਕ ਹੋ ਜਾਂਦਾ ਹੈ ਅਤੇ ਜਨਵਰੀ ਵਿੱਚ ਤਾਪਮਾਨ ਵਿੱਚ ਗਿਰਾਵਟ ਆਉਣ ਨਾਲ ਇਸਦਾ ਵਧਣਾ-ਫੁੱਲਣਾ ਰੁਕ ਜਾਂਦਾ ਹੈ। ਜਿਨ੍ਹਾਂ ਖੇਤਾਂ ਵਿੱਚ ਇਸਦਾ ਹਮਲਾ ਬਹੁਤ ਜ਼ਿਆਦਾ ਹੋਵੇ ਉੱਥੇ 7 ਕਿਲੋ ਮੋਰਟਲ/ਰੀਜ਼ੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰੋਪਾਈਰੀਫ਼ਾਸ) ਪ੍ਰਤੀ ਏਕੜ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟੇ ਨਾਲ ਪਾ ਦਿਓ। ਇਸ ਤੋਂ ਇਲਾਵਾ 50 ਮਿ.ਲਿ. ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਪ੍ਰੋਲ) ਦਾ 80-100 ਲਿਟਰ ਪਾਣੀ ਨਾਲ ਘੋਲ ਬਣਾ ਕੇ ਨੈਪਸੈਕ ਪੰਪ ਨਾਲ ਛਿੜਕਾਅ ਨਾਲ ਵੀ ਇਸਦੀ ਰੋਕਥਾਮ ਕੀਤੀ ਜਾ ਸਕਦੀ ਹੈ।



3. ਸੈਨਿਕ ਸੁੰਡੀ ਦੀ ਰੋਕਥਾਮ ਲਈ 40 ਮਿ. ਲਿ. ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਪ੍ਰੋਲ) ਜਾਂ 400 ਮਿ.ਲਿ. ਏਕਾਲੈਕਸ 25 ਈ ਸੀ (ਕੋਇਨਲਫਾਸ) ਦਾ 80-100 ਲਿਟਰ ਪਾਣੀ ਨਾਲ ਘੋਲ ਬਣਾ ਕੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ। ਮੋਟਰ ਵਾਲੇ ਪੰਪ ਲਈ 30 ਲਿਟਰ ਪਾਣੀ ਹੀ ਕਾਫ਼ੀ ਹੁੰਦਾ ਹੈ। ਵਧੀਆ ਨਤੀਜਿਆਂ ਲਈ ਛਿੜਕਾਅ ਸ਼ਾਮ ਵੇਲੇ ਕਰਨਾ ਚਾਹੀਦਾ ਹੈ। ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਜ਼ਿਆਦਾ ਸੀ ਉਨ੍ਹਾਂ ਵਿੱਚ ਕੀਟਨਾਸ਼ਕ ਦਾ ਛਿੜਕਾਅ ਕਰਨ ਤੋਂ ਬਾਅਦ ਹੀ ਪਾਣੀ ਲਾਓ। ਇਹਨਾਂ ਕੀਟਨਾਸ਼ਕਾਂ ਤੋਂ ਇਲਾਵਾ 7 ਕਿਲੋ ਮੋਰਟਲ/ਰੀਜ਼ੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ. ਸੀ (ਕਲੋਰੋਪਾਈਰੀਫ਼ਾਸ) ਪ੍ਰਤੀ ਏਕੜ ਜਾਂ 1 ਲਿਟਰ ਡਰਸਬਾਨ (ਕਲੋਰੋਪਾਈਰੀਫ਼ਾਸ 20 ਈ ਸੀ) ਪ੍ਰਤੀ ਏਕੜ ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟੇ ਨਾਲ ਪਾ ਦਿਓ।

4. ਸੈਨਿਕ ਸੁੰਡੀ ਦੇ ਪਤੰਗੇ ਦੀ ਆਮਦ ਜਾਨਣ ਲਈ ਲਾਈਟ ਟਰੈਪ ਜਾਂ ਫਿਰੋਮੋਨ ਟਰੈਪਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

5. ਜੇਕਰ ਝੋਨੇ/ਬਾਸਮਤੀ ਦੀ ਫ਼ਸਲ ਵਿੱਚ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਉਥੇ ਕਣਕ ਦੀ ਬਿਜਾਈ ਅਕਤੂਬਰ ਵਿੱਚ ਨਾ ਕਰੋ।

6. ਪਰਾਲੀ ਦੀ ਸਾਂਭ-ਸੰਭਾਲ ਵਾਲੇ ਖੇਤਾਂ ਵਿੱਚ, ਕਣਕ ਦੀ ਫ਼ਸਲ ਵਿੱਚ ਵੀ ਨਵੰਬਰ ਅਤੇ ਦਸੰਬਰ ਦੇ ਮਹੀਨੇ ਗੁਲਾਬੀ ਸੁੰਡੀ ਦੇ ਹਮਲੇ ਨੂੰ ਜਾਨਣ ਲਈ ਲਗਾਤਾਰ ਸਰਵੇਖਣ ਕਰਦੇ ਰਹੋ। ਬੂਟੇ ਦੀ ਗੋਭ ਪੀਲੀ ਦਿਖਾਈ ਦੇਣ ਤੇ ਬੂਟੇ ਨੂੰ ਜੜ੍ਹ ਸਮੇਤ ਪੁੱਟ ਲਵੋ ਅਤੇ ਪਾਣੀ ਨਾਲ ਧੋ ਕੇ ਗੋਭ ਤੋਂ ਚੀਰ ਕੇ ਵੇਖੋ। ਜੇਕਰ ਗੁਲਾਬੀ ਸੁੰਡੀ ਨਜ਼ਰ ਆਵੇ ਤਾਂ ਸਿਫ਼ਾਰਿਸ਼ ਕੀਤੇ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

7. ਕਣਕ ਵਿੱਚ ਤਣੇ ਦੀ ਗੁਲਾਬੀ ਸੁੰਡੀ ਦਾ ਥੋੜ੍ਹਾ ਹਮਲਾ ਪਾਣੀ ਲਗਾਉਣ ਨਾਲ ਆਪਣੇ ਆਪ ਠੀਕ ਹੋ ਜਾਂਦਾ ਹੈ ਅਤੇ ਜਨਵਰੀ ਮਹੀਨੇ ਵਿੱਚ ਘੱਟ ਤਾਪਮਾਨ ਕਾਰਨ ਇਸ ਸੁੰਡੀ ਦਾ ਵੱਧਣਾ ਫੁੱਲਣਾ ਰੁੱਕ ਜਾਂਦਾ ਹੈ।

8. ਜਿੱਥੋਂ ਤੱਕ ਹੋ ਸਕੇ ਫ਼ਸਲ ਨੂੰ ਦਿਨ ਸਮੇਂ ਪਾਣੀ ਲਗਾਓ ਤਾਂਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ।

ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ਤੇ ਝੋਨੇ/ਬਾਸਮਤੀ ਵਿੱਚ ਤਣੇ ਦੀ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤਾਂ ਵਿੱਚ ਕਣਕ ਦੀ ਅਕਤੂਬਰ ਵਿੱਚ ਬਿਜਾਈ ਨਾ ਕਰਨ ਤਾਂ ਕਿ ਕਣਕ ਦੀ ਫ਼ਸਲ ਵਿੱਚ ਇਸ ਦੀ ਆਮਦ ਘੱਟ ਹੋਵੇ।



# ਜਲ ਕੀ ਪਿਆਸ ਨ ਜਾਇ

ਜਲ ਜੀਵਨ ਹੈ । ਜਲ ਸ੍ਰਿਸ਼ਟੀ ਦਾ ਆਧਾਰ ਹੈ । ਜਲ ਉਹ ਤਰਲਤਾ ਹੈ, ਜਿਸ ਵਿੱਚ ਜੀਵਨ ਦਾ ਸੁਖੇਵਾਂ ਪਵਾਹ ਸੰਭਵ ਹੁੰਦਾ ਹੈ । ਇਹ ਪਾਣੀ ਅੰਡਜ, ਜੇਰਜ, ਸੇਤਜ, ਉਤਭੁਜ ਚਾਰੇ ਖਾਣੀਆਂ ਵਿੱਚੋਂ ਉਤਪੰਨ-ਜੀਅ-ਜਗਤ ਬਲਸਪਤੀ ਦਾ ਆਧਾਰ ਤੱਤ ਹੈ ।

ਭਗਤ ਕਬੀਰ ਜੀ ਕਹਿੰਦੇ ਹਨ, "ਧਰਮ ਜਲ ਵਾਂਗ ਹੈ ।" ਭਗਤ ਕਬੀਰ ਜੀ ਜਲ ਨੂੰ ਧਰਮ ਦਾ ਪ੍ਰਤੀਕ ਬਣਾਉਂਦੇ ਹਨ । ਧਰਮ ਸੰਸਕ੍ਰਿਤ ਦੇ ਧ੍ਰੀ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਧਾਰਨ ਕਰਨਾ । ਜਿਵੇਂ ਜਲ ਜਗ ਦੇ ਸਾਰੇ ਪ੍ਰਾਣੀ ਮਾਤਰ ਨੂੰ ਜੀਵਨ ਦਿੰਦਾ ਹੈ, ਉਵੇਂ ਧਰਮ ਸਾਰੀ ਸ੍ਰਿਸ਼ਟੀ ਦੇ ਜੀਅ-ਮਾਤਰ ਦੇ ਜੀਵਨ ਪ੍ਰਵਾਹ ਨੂੰ ਸੁਖੇਵੇਂ ਸੰਚਾਲਿਤ ਹੋਣ ਦਾ ਸੰਕਲਪ ਦਿੰਦਾ ਹੈ । ਮਨੁੱਖੀ ਸੱਭਿਆਤਾ ਦੇ ਵਿਕਾਸ ਦੇ ਆਦਿਕਾਲ ਤੋਂ ਹੀ ਪ੍ਰਬੁੱਧ ਮਨੁੱਖ ਮਨੁੱਖੀ ਸਮਾਜ ਦੇ ਸੁਖੀ, ਸ਼ਾਂਤ ਅਤੇ ਸੁਰੱਖਿਅਤ ਰਹਿਣ ਦੇ ਉਪਾਅ ਢੂੰਡਦੇ ਰਹੇ । ਉਨ੍ਹਾਂ ਸਮਾਜ ਸੇਵੀ, ਪ੍ਰਬੁੱਧ ਨਾਗਰਿਕਾਂ ਨੇ ਸੱਤ ਤੱਤਾਂ ਦੀ ਸ਼ਨਾਖਤ ਕਰ ਲਈ -

ਸਤਿਅੰ, ਅਹਿੰਸਾ, ਦਯਾ-ਛਮਾ, ਦਮੋ ਅਸਤੇਅੰ, ਅਪਰਿਗ੍ਰਹ, ਧਰਮਸਯ ਸਪਤਮ ਲੱਛਣਮ ॥

ਸੱਚ ਬੋਲਣਾ, ਕਿਸੇ 'ਤੇ ਹਿੰਸਾ ਨਾ ਕਰਨੀ, ਸਾਰਿਆਂ ਜੀਆਂ ਪ੍ਰਤੀ ਦਇਆ ਭਾਵ ਰੱਖਣਾ, ਕਿਸੇ ਦੀ ਭੁੱਲ ਹੋਵੇ ਤਾਂ ਖਿਮਾ ਕਰਨੀ, ਬ੍ਰਹਿਮਚਰਿਆ (ਪਰਾਈ ਧੀ, ਭੈਣ ਵੱਲ ਮਾੜੀ ਨਿਗਾਹ ਨਾਲ ਨਾ ਦੇਖਣਾ) ਵਿੱਚੋਂ ਪਰਾਈ ਵਸਤੂ ਨੂੰ ਨਾ ਲੈਣਾ ਅਤੇ ਜ਼ਰੂਰਤ ਤੋਂ ਵੱਧ ਭੌਤਿਕ ਸਮੱਗਰੀ ਦਾ ਸੰਗ੍ਰਹਿ ਨਾ ਕਰਨਾ- ਸੱਤ ਧਰਮ ਦੇ ਲੱਛਣ ਹਨ । ਇਹ ਸੱਤ ਧਰਮ ਤੱਤ ਮੰਨੇ ਗਏ । ਸੰਸਾਰ ਦੀਆਂ ਸਾਰੀਆਂ ਧਰਮ ਸੰਪਰਦਾਵਾਂ ਤੇ ਦੁਨੀਆਂ ਦੇ ਸਾਰੇ ਧਰਮ ਸ਼ਾਸਤਰ ਇਨ੍ਹਾਂ ਹੀ ਸੱਤ ਤੱਤਾਂ ਦੀ ਵਿਆਖਿਆ ਕਰ ਰਹੇ ਹਨ । ਗੁਰੂ ਨਾਨਕ ਪਾਤਸ਼ਾਹ ਨੇ ਧਰਮ ਦੀ ਪਰਿਭਾਵਾ ਦਿੱਤੀ । "ਧਉਲ ਧਰਮ ਦਇਆ ਕਾ ਪੂਤਿ" । ਧਰਮ ਧਉਲ ਹੈ, ਸਫੇਦ ਹੈ, ਬੇਦਾਗ ਹੈ ਅਤੇ ਉਹ ਦਇਆ ਦੀ ਕੁੱਖੋਂ ਜੰਮਦਾ ਹੈ । ਜ਼ਾਹਿਰ ਹੈ, ਜਿਸ ਵਿਅਕਤੀ ਵਿੱਚ ਜੀਆਂ ਪ੍ਰਤੀ ਦਇਆ ਨਹੀਂ ਹੈ, ਉਹ ਧਰਮੀ ਨਹੀਂ ਹੋ ਸਕਦਾ ।

ਚੌਵੀਵੇਂ ਜੈਨ ਤੀਰਥੰਕਰ ਮਹਾਵੀਰ ਸਵਾਮੀ ਨੇ ਤਾਂ ਕਿਹਾ,

ਅਹਿੰਸਾ ਪਰਮੋ ਧਰਮ: ॥

ਅਹਿੰਸਾ ਸਭ ਤੋਂ ਵੱਡਾ ਧਰਮ ਹੈ ।

ਹਿੰਦੂ, ਸਿੱਖ, ਮੁਸਲਿਮ, ਈਸਾਈ, ਯਹੂਦੀ, ਹਰ ਧਰਮ ਸੰਪਰਦਾਵਾਂ ਦੇ ਪ੍ਰਚੱਲਿਤ ਧਰਮ ਸ਼ਾਸਤਰ ਨੂੰ ਧਿਆਨ ਨਾਲ ਦੇਖਣਾ, ਉਪਰੋਕਤ ਸੱਤਾਂ ਵਿੱਚੋਂ ਹੀ ਕਿਸੇ ਨਾ ਕਿਸੇ ਤੱਤ ਦੀ ਤਰਜਮਾਨੀ ਕਰਦੇ ਨਜ਼ਰ ਆਉਣਗੇ ।

ਪਰ ਭਾਰਤੀ ਅਧਿਆਤਮ ਦਾ ਮੰਦਭਾਗਾ ਪੱਖ ਹੈ ਕਿ ਵੈਦਿਕ ਕਾਲ ਵਿੱਚ 'ਸਨਾਤਨ ਧਰਮ' ਨੂੰ ਰੇਖਾਂਕਿਤ ਕਰਨ ਤੋਂ ਬਾਅਦ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਇਸ ਧਰਮ ਦੀ ਵਾਗਡੋਰ ਵੇਦ ਪਾਠ ਕਰਨ ਵਾਲੇ ਅਤੇ ਉਸ ਵੇਦ ਬਾਣੀ ਦਾ ਅਰਥ ਕਰਨ 'ਤੇ ਅਧਿਕਾਰਤ ਤੌਰ 'ਤੇ ਸਿਰਫ ਇੱਕ ਜਾਤੀ ਸੰਪਰਦਾਇ ਵਿਸ਼ੇਸ਼ ਦਾ ਏਕਾਧਿਕਾਰ ਹੋ ਗਿਆ । ਮੱਧਕਾਲ ਤੋਂ ਪਹਿਲਾਂ, ਉੱਤਰ ਕਾਲ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਸ਼ੁੱਧ ਕੀਤੇ ਹੋਏ । ਸਨਾਤਨ ਧਰਮ ਵਿੱਚ ਵੀ ਪੂਜਾ-ਅਰਚਨਾ ਦੇ ਨਾ 'ਤੇ ਕਈ ਤਰ੍ਹਾਂ ਦੇ ਕਰਮ-ਕਾਂਡ ਪ੍ਰਵੇਸ਼ ਕਰ ਗਏ । ਇਸ ਦੀ ਪ੍ਰਤੱਖ ਅਤੇ ਪਰੋਖ ਰੂਪ ਵਿੱਚ ਵਿਰੋਧਤਾ ਆਰੰਭ ਹੋ ਗਈ । ਵਿਰੋਧੀ ਪ੍ਰਤੀਕਿਰਿਆ ਸਰੂਪ ਹੀ ਜੈਨ ਧਰਮ ਅਤੇ ਬੋਧ ਧਰਮ ਹੋਂਦ ਵਿੱਚ ਆਏ । ਅੱਗੇ ਚੱਲ ਕੇ ਨਿਰਾਕਾਰ, ਸਾਕਾਰ, ਦਵੈਤ-ਅਦਾਵੈਤ, ਸ਼ੇਵ-ਵੈਸ਼ਨਵ, ਰਾਮ ਭਗਤੀ ਸ਼ਾਖਾ-ਕ੍ਰਿਸ਼ਨ ਭਗਤੀ ਸ਼ਾਖਾ ਜਿਹੇ ਕਈ ਮਤਅਵਲੰਬੀ-ਅਪਾਸੀ ਵਿਵਾਦ ਵਿੱਚ ਉਲਝ ਗਏ । 9ਵੀਂ ਸਦੀ ਵਿੱਚ ਵੱਡੇ ਵੱਧਰ 'ਤੇ ਖ਼ੂਨੀ ਸੰਘਰਸ਼ ਵੀ ਹੋਇਆ । 12ਵੀਂ ਸਦੀ ਤੋਂ ਮੁਗਲ ਹਮਲਾਵਰਾਂ ਦੇ ਨਾਲ-ਨਾਲ ਇਸਲਾਮੀ ਸੰਸਕ੍ਰਿਤੀ ਦੇ ਸਮਾਵੇਸ਼ ਨਾਲ ਭਾਰਤੀ ਧਰਮ ਦਾ ਅਕਸ ਧੁੰਦਲਾ-ਧੁੰਦਲਾ ਜਿਹਾ ਹੋਣ ਲੱਗਾ । ਮੱਧਕਾਲ ਵਿੱਚ, ਭਾਗਤ ਰਾਮਾਨੰਦ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਕਬੀਰ, ਸ੍ਰੀ ਗੁਰੂ ਨਾਨਕ ਨੇ ਪੂਰੇ ਜ਼ੋਰ ਨਾਲ ਧਰਮ ਦੀਆਂ ਵਿਕ੍ਰਤੀਆਂ, ਕਮਜ਼ੋਰੀਆਂ 'ਤੇ ਚੋਟ ਕਰਕੇ ਭਾਰਤੀ ਧਰਮ ਸੁਧਾਰ ਲਹਿਰਾਂ ਚਲਾਈਆਂ ।

ਭਗਤ ਕਬੀਰ ਜੀ ਦਾ ਇਹ ਸ਼ਬਦ, ਉਸੇ ਸੰਦਰਭ ਵਿੱਚ ਧਰਮ ਸੁਧਾਰ ਦੀ ਮੰਗ ਕਰਦਾ ਹੈ -

"ਮਾਧਉ ਜਲ ਕੀ ਪਿਆਸ ਨਾ ਜਾਇ । ਜਲ ਮਹਿ ਅਗਨਿ ਉਠੀ ਅਧਿਕਾਇ ।" (ਪੰ-323-324)

ਧਰਮ ਤਾਂ ਜਲ ਵਾਂਗ ਸ਼ੀਤਲ ਹੈ, ਪਰ ਇਸ ਧਰਮ ਜਲ ਵਿੱਚ ਵੀ ਕਈ ਵਾਰ ਅਗਨ ਦੀਆਂ ਲਪਟਾਂ ਉੱਠੀਆਂ । ਰਵਿਦਾਸ, ਨਾਮਦੇਵ, ਕਬੀਰ ਜਿਹੇ ਨਿਰੋਲ ਸੰਤਾਂ 'ਤੇ ਵੀ ਸੰਪਰਦਾਇਕ ਦੋਖੀਆਂ ਵੱਲੋਂ ਧੱਕਾ ਕੀਤਾ ਗਿਆ । ਭਗਤ ਕਬੀਰ ਨੂੰ ਬਨਾਰਸ ਵਿੱਚ ਕਈ ਤਰ੍ਹਾਂ ਨਾਲ ਪ੍ਰੇਸ਼ਾਨ ਕੀਤਾ ਗਿਆ । ਆਖਿਰ ਲੋਹੇ ਦੀ ਜ਼ੰਜੀਰ ਨਾਲ ਬੰਨ੍ਹ ਕੇ ਬੇੜੀ 'ਤੇ ਲਿਜਾ ਕੇ ਗੰਗਾ ਵਿੱਚ ਸੁੱਟ ਦਿੱਤਾ, ਪਰ ਦੈਵਯੋਗ ਨਾਲ ਉਹ ਬਚ ਗਏ ਤੇ ਉਚਾਰਿਆ -

ਗੰਗਾ ਕੀ ਲਹਿਰ ਮੇਰੀ ਟੁੱਟੀਏ ਜ਼ੰਜੀਰ

ਮ੍ਰਿਗਸ਼ਾਲਾ ਪਰ ਖੜ੍ਹੇ ਕਬੀਰ ॥

ਧਰਮ ਸੰਪਰਦਾਵਾਂ ਦੇ ਆਪਸੀ ਮਤਭੇਦ ਤੋਂ ਉਪਜੇ ਸ਼ੋਭਾਹੀਣ ਸੰਘਰਸ਼ ਦੀ ਵਿਰੋਧਤਾ ਹਿੰਦੂ ਅਤੇ ਮੁਸਲਿਮ ਦੋਹਾਂ ਸੰਪਰਦਾਵਾਂ ਦੇ ਪ੍ਰਬੁੱਧ ਜਨਾਂ ਨੇ ਕੀਤੀ । ਸੰਨ 1325 ਵਿੱਚ ਅਮੀਰ ਖੁਸਰੋ ਨੇ ਲਿਖਿਆ -

ਮੇਰਾ ਮੁਸਲਮਾਨੀ ਦਰਕਾਰ ਨੇਸਤ ।
ਹਰ ਰਗ ਮੰਤਾਰ ਗਸਤਾ, ਹਾਜਿਰ ਜਿਨਾਰ ਨੇਸਤ ॥

ਅਰਥਾਤ ਮੈਨੂੰ ਮੁਸਲਮਾਨ ਹੋਣ ਦੀ ਕੋਈ ਜ਼ਰੂਰਤ ਨਹੀਂ । ਮੇਰਾ ਸਰੀਰ ਅੰਦਰ ਦੀਆਂ ਅੰਤੜੀਆਂ, ਨਾੜੀਆਂ ਨਾਲ ਲਵੇਟਿਆ ਹੋਇਆ ਹੈ, ਲਿਹਾਜ਼ਾ ਬਾਹਰੀ ਦਿਖਾਵੇ ਲਈ ਜਨੇਊ ਪਾਉਣ ਦੀ ਵੀ ਲੋੜ ਨਹੀਂ ।

ਭਾਵ ਮੈਂ ਦੋਹਾਂ ਦੇ ਸੰਪਰਦਾਇਕ ਵਿਵਾਦਾਂ-ਕਲੇਸ਼ਾਂ ਤੋਂ ਦੂਰ ਹਾਂ । ਅੱਗੇ ਇੱਕ ਸ਼ਬਦ ਵਿੱਚ ਭਗਤ ਕਬੀਰ ਕਹਿੰਦੇ ਹਨ । ਸੰਪਰਦਾਇਕ ਅੱਗ ਦਾ ਸੇਕ ਮੈਨੂੰ ਵੀ ਲੱਗਾ, ਪਰ ਪ੍ਰਭੂ ਦੀ ਕਿਰਪਾ ਨਾਲ ਮੈਂ ਬੱਚ ਗਿਆ - ਅਬ ਮੋਹਿ ਜਲਤ ਰਾਮ ਜਲ ਪਾਇਆ - ਮੈਨੂੰ ਤਪਸ਼ ਵਿੱਚ ਝੁਲਸਦੇ ਨੂੰ ਪ੍ਰਭੂ-ਪ੍ਰੀਤ ਦਾ ਜਲ ਨਸੀਬ ਹੋ ਗਿਆ- ਰਾਮ ਜਲ ਦੀ ਫੁਹਾਰ ਮੇਰੇ 'ਤੇ ਪ੍ਰਭੂ ਨੇ ਪਾਈ-ਔਰ "ਰਾਮ ਉਦਕ ਤਨ ਜਲਤ ਮਿਟਾਇਆ"। ਇਸ ਪ੍ਰੀਤ ਦੇ ਜਲ ਨੇ ਮੇਰੀ ਜਲਨ ਮਿਟਾ ਦਿੱਤੀ ।

**ਗੁਰਬਚਨ ਸਿੰਘ ਨਾਮਧਾਰੀ**

# ਘਰੇਲੂ ਪੱਧਰ 'ਤੇ ਸੋਇਆਬੀਨ ਦੀ ਪ੍ਰੋਸੈਸਿੰਗ ਅਤੇ ਤਕਨੀਕਾਂ

ਅਰਸ਼ਦੀਪ ਸਿੰਘ, ਰਜਨੀ ਗੋਇਲ ਅਤੇ ਅਮਨਦੀਪ ਕੌਰ ਮੱਕੜ,
ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 98762-35555)

ਸੋਇਆਬੀਨ ਨੂੰ ਵਧੇਰੇ ਲਾਭਦਾਇਕ ਬਣਾਉਣ ਲਈ ਵਿਗਿਆਨਕ ਤਕਨੀਕਾਂ ਦੀ ਵਰਤੋਂ ਰਾਹੀਂ ਪ੍ਰੋਸੈਸਿੰਗ ਜ਼ਰੂਰੀ ਹੈ । ਇਹ ਸੋਇਆਬੀਨ ਦੀ ਪਾਚਨ ਯੋਗਤਾ ਨੂੰ ਬਿਹਤਰ ਬਣਾਉਣ, ਸੁਆਦ ਵਧਾਉਣ ਅਤੇ ਸੈਲਫ ਲਾਈਫ ਵਧਾਉਣ ਵਿੱਚ ਮਦਦ ਕਰਦੀਆਂ ਹਨ । ਪ੍ਰੋਸੈਸਿੰਗ ਤਕਨੀਕਾਂ ਨਾਲ ਸੋਇਆਬੀਨ ਤੋਂ ਵੱਖ-ਵੱਖ ਉਤਪਾਦ ਜਿਵੇਂ ਕਿ ਸੋਇਆ ਦੁੱਧ, ਟੋਫੂ, ਸੋਇਆ ਆਟਾ ਅਤੇ ਸੋਇਆ ਸਨੈਕਸ ਆਦਿ ਵੀ ਬਣਾਏ ਜਾ ਸਕਦੇ ਹਨ । ਪੇਂਡੂ ਅਤੇ ਘਰੇਲੂ ਪੱਧਰ ਤੇ, ਸੋਇਆਬੀਨ ਨੂੰ ਉਬਾਲਣ ਜਾਂ ਭੁੰਨਣ ਵਰਗੇ ਸਾਧਾਰਨ ਤਰੀਕੇ ਇਸਦੇ



ਸੁਆਦ ਨੂੰ ਬਿਹਤਰ ਬਣਾ ਸਕਦੇ ਹਨ, ਜਦੋਂ ਕਿ ਘਰੇਲੂ ਸੋਇਆ ਦੁੱਧ ਅਤੇ ਟੋਫੂ ਇੱਕ ਸੰਤੁਲਿਤ ਖ਼ੁਰਾਕ ਵਿੱਚ ਵਾਧਾ ਕਰ ਸਕਦੇ ਹਨ ।

**ਸੋਇਆ ਮਿਲਕ/ਦੁੱਧ**

ਸੋਇਆ ਦੁੱਧ ਸੋਇਆਬੀਨ ਤੋਂ ਬਣਿਆ ਇੱਕ ਲੈਕਟੋਜ਼, ਕੋਲੈਸਟ੍ਰੋਲ ਅਤੇ ਗਲੂਟਨ ਤੋਂ ਪੂਰੀ ਤਰ੍ਹਾਂ ਮੁਕਤ ਪੀਣ ਵਾਲਾ ਪਦਾਰਥ ਹੈ । ਸੋਇਆ ਦੁੱਧ ਵਿੱਚ ਲਗਭਗ ਗਾਂ ਦੇ ਦੁੱਧ ਦੇ ਬਰਾਬਰ ਪ੍ਰੋਟੀਨ ਹੁੰਦੀ ਹੈ । ਇਸ ਤੋਂ ਇਲਾਵਾ, ਇਸ ਵਿੱਚ ਫਾਈਬਰ, ਖਣਿਜ ਅਤੇ ਵਿਟਾਮਿਨ ਵੀ ਹੁੰਦੇ ਹਨ । ਸੋਇਆ ਦੁੱਧ ਦੀ ਤਿਆਰੀ ਲਈ, ਸੋਇਆਬੀਨ ਨੂੰ ਚੰਗੀ ਤਰ੍ਹਾਂ ਧੋਵੋ ਤਾਂ ਜੋ ਇਸਨੂੰ ਚੰਗੀ ਤਰ੍ਹਾਂ ਸਾਫ ਕੀਤਾ ਜਾ ਸਕੇ । ਸੋਇਆਬੀਨ ਨੂੰ 10-12 ਘੰਟਿਆਂ ਲਈ ਪਾਣੀ ਵਿੱਚ ਭਿਓ ਦਿਓ ਅਤੇ ਹੱਥਾਂ ਨਾਲ ਮਸਲ ਕੇ ਛਿੱਲਕਾ ਹਟਾਓ ਅਤੇ ਚੰਗੀ ਤਰ੍ਹਾਂ ਸਾਫ ਕਰੋ । ਸਾਫ ਸੋਇਆਬੀਨ ਨੂੰ ਗਰਮ ਪਾਣੀ (1:7 ਦੇ ਸੋਇਆਬੀਨ; ਪਾਣੀ ਦੇ ਅਨੁਪਾਤ) ਦੇ ਨਾਲ ਮਿਕਸੀ/ਚੱਕੀ ਵਿੱਚ ਪੀਸ ਲਓ । ਪੀਸਣ ਲਈ ਸਾਰੀ ਭਿਓ ਕੇ ਰੱਖੀ ਸੋਇਆਬੀਨ ਨੂੰ 3-4 ਹਿੱਸੇ ਕਰਕੇ ਪੀਸੋ, ਅਤੇ ਮਲਮਲ ਦੇ ਕੱਪੜੇ ਰਾਹੀਂ ਨਿਚੋੜ ਕੇ ਛਾਣ ਕੇ ਫਿਲਟਰ ਕਰੋ । ਛਾਨਣ ਤੋਂ ਬਾਅਦ ਦੁੱਧ ਨੂੰ 25 ਮਿੰਟ ਲਈ 85 ਡਿਗਰੀ ਤੱਕ ਗਰਮ ਕਰਕੇ ਬੋਤਲਬੰਦ ਕਰਕੇ ਪੇਸਚਰਾਈਜ਼ ਕਰੋ । ਸੋਇਆ ਦੁੱਧ ਦੀ ਗੁਣਵੱਤਾ ਨੂੰ ਡੇਅਰੀ ਦੁੱਧ ਅਤੇ ਫ਼ਲਾਂ ਦੇ ਗੁੱਦੇ ਜਿਵੇਂ ਅੰਬ, ਆੜੂ ਅਤੇ ਅਮਰੂਦ, ਖੰਡ, ਮਨਜ਼ੂਰਸ਼ੁਦਾ ਫਲੇਵਰ ਅਤੇ ਰੰਗਾਂ ਨੂੰ ਮਿਲਾ ਕੇ ਸੁਧਾਰਿਆ ਜਾ ਸਕਦਾ ਹੈ ਅਤੇ ਫਲੇਵਰਡ ਸੋਇਆ ਦੁੱਧ ਬਣਾਇਆ ਜਾ ਸਕਦਾ ਹੈ ।

**ਟੋਫੂ/ਸੋਇਆ ਪਨੀਰ**

ਟੋਫੂ ਸੋਇਆਬੀਨ ਦਾ ਇੱਕ ਉਤਪਾਦ ਹੈ ਜੋ ਰੰਗ, ਸਰੀਰ ਅਤੇ ਬਣਤਰ ਵਿੱਚ ਪਨੀਰ ਵਰਗਾ ਹੁੰਦਾ ਹੈ । ਟੋਫੂ ਪ੍ਰੋਟੀਨ, ਅਤੇ ਫਾਈਬਰ, ਵਿਟਾਮਿਨ ਬੀ1, ਬੀ2, ਸੋਡੀਅਮ ਅਤੇ ਆਇਰਨ ਦਾ ਵੀ ਇੱਕ ਵਧੀਆ ਸਰੋਤ ਹੈ । ਟੋਫੂ ਬਣਾਉਣ ਦੀ ਤਿਆਰੀ ਲਈ ਸਰਲ ਵਿੱਧੀ ਹੈ । ਟੋਫੂ ਤਿਆਰ ਕਰਨ ਲਈ ਸੋਇਆ ਦੁੱਧ ਨੂੰ 80 ਡਿਗਰੀ ਤੱਕ 25-30 ਮਿੰਟਾਂ ਲਈ ਗਰਮ ਕਰੋ । ਇਸ ਗਰਮ ਦੁੱਧ ਵਿੱਚ ਸਿਟਰਿਕ ਐਸਿਡ (2% ਘੋਲ) ਨੂੰ ਮਿਲਾ ਕੇ ਸੋਇਆ ਦੁੱਧ ਫੁਟਾ ਲਓ । ਮਸਾਲਾ ਟੋਫੂ ਬਣਾਉਣ ਲਈ ਮਿਸ਼ਰਣ ਵਿੱਚ ਸਵਾਦ ਅਨੁਸਾਰ ਲੂਣ, ਅਤੇ ਮਸਾਲੇ ਜਿਵੇਂ ਪੁਦੀਨਾ, ਧਨੀਆ, ਜੀਰਾ, ਕਾਲੀ ਮਿਰਚ ਆਦਿ ਮਿਲਾ ਕੇ ਤਿਆਗ ਕੀਤਾ ਜਾ ਸਕਦਾ ਹੈ । ਘੱਟ ਸੇਕ ਤੇ ਮਿਸ਼ਰਣ ਨੂੰ ਕੁੱਝ ਮਿੰਟਾਂ ਲਈ ਰੱਖੋ ਅਤੇ ਮਲਮਲ ਦੇ ਕੱਪੜੇ ਰਾਹੀ ਛਾਣ ਕੇ ਵੇਹ ਅਤੇ ਪਨੀਰ ਨੂੰ ਵੱਖ ਕਰ ਲਓ । ਪਨੀਰ ਦੇ ਮਿਸ਼ਰਣ ਨੂੰ ਫਿਲਟਰ ਪ੍ਰੈਸ/ਵਜ਼ਨ ਦੀ ਵਰਤੋਂ ਕਰਕੇ ਚੰਗੀ ਤਰ੍ਹਾਂ ਦਬਾਓ ਅਤੇ 30 ਮਿੰਟ ਲਈ ਬਰਫ਼ ਵਾਲੇ ਠੰਢੇ ਪਾਣੀ ਵਿੱਚ ਰੱਖੋ ਤਾਂ ਜੋ ਪਨੀਰ ਚੰਗੀ ਤਰ੍ਹਾਂ ਸੈਟ ਹੋ ਸਕੇ । ਟੋਫੂ ਨੂੰ ਪੈਕ ਕਰਕੇ ਫਰਿੱਜ ਦੇ ਤਾਪਮਾਨ 'ਤੇ ਸਟੋਰ ਕੀਤਾ ਜਾ ਸਕਦਾ ਹੈ । ਟੋਫੂ ਨੂੰ ਮਟਰ ਪਨੀਰ, ਪਾਲਕ ਪਨੀਰ ਆਦਿ ਵਰਗੇ ਪਕਵਾਨਾਂ ਅਤੇ ਪਨੀਰ ਦੇ ਸਨੈਕਸ ਵਿੱਚ ਵਰਤਿਆ ਜਾ ਸਕਦਾ ਹੈ ।

**ਸੋਇਆ ਨੱਟਸ ਸਨੈਕ**

ਸੋਇਆ ਨੱਟਸ ਸਨੈਕ ਸੋਇਆਬੀਨ ਤੋਂ ਤਿਆਰ ਕੀਤਾ ਗਿਆ ਇੱਕ ਸਿਹਤਮੰਦ, ਸੁਆਮੀ ਅਤੇ ਕਰੰਚੀ ਸਨੈਕ ਹੈ । ਇਹ ਪ੍ਰੋਟੀਨ, ਫਾਈਬਰ ਅਤੇ ਆਈਸੋਫਲਾਵੋਨਸ ਨਾਲ ਭਰਪੂਰ ਹੁੰਦੇ ਹਨ । ਸੋਇਆ ਨੱਟਸ ਸਨੈਕ ਬਣਾਉਣ ਸੋਇਆਬੀਨ ਨੂੰ 1-2 ਘੰਟਿਆਂ ਲਈ ਭਿਓ ਕੇ ਲਗਭਗ 190 ਡਿਗਰੀ ਤੇ ਰੇਤ ਜਾਂ ਓਵਨ ਵਿੱਚ ਉਦੋਂ ਤੱਕ ਪਕਾ ਕੇ ਤਿਆਰ ਕੀਤਾ ਜਾਂਦਾ ਹੈ ਜਦੋਂ ਤੱਕ ਉਹ ਕਰਿੱਸਪੀ ਨਹੀਂ ਹੋ ਜਾਂਦੇ । ਸੋਇਆ ਨੱਟਸ ਸਨੈਕ ਪੱਕਣ ਤੋਂ ਬਾਅਦ ਇੱਕ ਸੁਹਾਵਣਾ ਭੁੰਨਿਆ ਸੁਆਦ ਅਤੇ ਹਲਕਾ ਭੂਰਾ ਰੰਗ ਦਿੰਦੇ ਹਨ । ਇਸ ਤੋਂ ਇਲਾਵਾ ਇਨ੍ਹਾਂ ਨੂੰ ਨਮਕ, ਤੇਲ ਅਤੇ ਮਸਾਲਿਆਂ ਦੀ ਵਰਤੋਂ ਕਰਕੇ ਸੁਆਦਲਾ ਬਣਾਇਆ ਜਾ ਸਕਦਾ ਹੈ ।

# ਤੀਰ ਕਮਾਨੋਂ, ਬੋਲ ਜ਼ੁਬਾਨੋ ਤੇ ਸਮਾਂ ਧਿਆਨੋਂ ਨਿਕਲਿਆ ਹੱਥ ਨਹੀਂ ਆਉਂਦਾ

ਦੁਨੀਆ ਵਿੱਚ ਸਭ ਵਸਤੂਆਂ ਤੋਂ ਪੁਰਾਣਾ ਸਮਾਂ ਹੈ । ਜਿਹੜਾ ਮਨੁੱਖ ਸਮੇਂ ਦੀ ਪਛਾਣ ਨਹੀਂ ਕਰਦਾ, ਉਹ ਅੰਨ੍ਹਾ ਹੈ । ਜੋ ਸਮੇਂ ਦੀ ਰਫਤਾਰ ਨੂੰ ਨਹੀਂ ਸੁਣਦਾ, ਉਹ ਮਨੁੱਖ ਕੰਨਾਂ ਤੋਂ ਬੋਲਾ ਹੈ । ਅਨਾੜੀ ਇਨਸਾਨ ਸਮੇਂ ਦੀ ਕਦਰ ਨਹੀਂ ਕਰਦਾ । ਸਮਾਂ ਨਾ ਕਿਸੇ ਦਾ ਮਿੱਤਰ ਹੈ ਤੇ ਨਾ ਹੀ ਕਿਸੇ ਦਾ ਦੁਸ਼ਮਣ । ਸਮਾਂ ਅੱਖਾਂ ਦੀ ਝੱਪਕ ਦੀ ਤਰ੍ਹਾਂ ਬੀਤਦਾ ਜਾਂਦਾ ਹੈ । ਸਮਾਂ ਧਿਆਨੋਂ ਨਿਕਲਿਆ ਫੇਰ ਹੱਥ ਨਹੀਂ ਆਉਂਦਾ, ਜਿਵੇਂ ਰੇਤ ਹੱਥ ਵਿੱਚੋਂ ਕਿਰਿਆ ਫੇਰ ਦੁਬਾਰਾ ਹੱਥ ਨਹੀਂ ਆਉਂਦਾ । ਸਮਾਂ ਬੜਾ ਸ਼ਕਤੀਸ਼ਾਲੀ ਹੈ । ਇਹ ਵੱਡਿਆਂ-ਵੱਡਿਆਂ ਦੀ ਬਸ ਕਰਾ ਦਿੰਦਾ ਹੈ । ਸਮੇਂ ਦੀ ਕਦਰ ਕਰਨਾ ਸਾਡਾ ਮੁੱਢਲਾ ਫ਼ਰਜ਼ ਹੈ । ਵੱਡੇ ਬਾਬਿਆਂ ਦਾ ਸਤਿਕਾਰ ਕਰਨਾ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਉਹ ਪੁਰਾਣੇ ਤੇ ਸਿਆਣੇ ਹਨ । ਸਮਾਂ ਪੁਰਾਣਾ ਹੈ ਜੇ ਅਸੀਂ ਇਸ ਦੀ ਕਦਰ ਕਰਾਂਗੇ ਤਾਂ ਸਮਾਂ ਸਾਡੀ ਕਦਰ ਕਰੇਗਾ । ਤਬਦੀਲੀ ਹੀ ਸਮੇਂ ਦਾ ਅਧਾਰ ਨੀਂਹ ਹੈ । ਜੋ ਤੀਰ ਕਮਾਨ ਵਿੱਚੋਂ ਨਿਕਲ ਗਿਆ ਉਹ ਮੁੜ ਵਾਪਸ ਨਹੀਂ ਆਉਂਦਾ । ਉਹ ਬਹੁਤ ਬੜੀ ਸਮੱਸਿਆ ਖੜ੍ਹੀ ਕਰੇਗਾ ਪਿੱਛੋਂ ਪਛਤਾਵੇ ਦਾ ਕਾਰਣ ਬਣ ਜਾਵੇਗਾ । ਮੂੰਹੋਂ ਕਹੀ ਗੱਲ ਵੀ ਦੁਬਾਰਾ ਵਾਪਸ ਨਹੀਂ ਆਉਂਦੀ । ਤੀਰ ਕਮਾਨ ਤੋਂ ਤੇ ਜ਼ੁਬਾਨ ਤੋਂ ਗੱਲ ਸੋਚ ਸਮਝ ਕੇ ਛੱਡਣੀ ਚਾਹੀਦੀ ਹੈ । ਦੋਵੇਂ ਹੀ ਖਤਰਨਾਕ ਹਨ । ਕਈ ਵਾਰ ਮੂੰਹੋਂ ਕਹੀ ਗਈ ਗੱਲ ਅਜਿਹਾ ਜ਼ਖ਼ਮ ਕਰ ਜਾਂਦੀ ਹੈ ਕਿ ਉਹ ਸਾਰੀ ਉਮਰ ਦਿਲ ਨੂੰ ਦੁੱਖੀ ਕਰਦੀ ਰਹਿੰਦੀ ਹੈ ਅਤੇ ਪਰੇਸ਼ਾਨੀ ਤੋਂ ਬਿਨਾਂ ਕੁੱਝ ਹਾਸਲ ਨਹੀਂ ਹੁੰਦਾ । ਤੀਰ ਨਿਕਲਿਆ ਹਾਨੀਕਾਰਕ ਹੈ ਕਿਉਂਕਿ ਕਿਸੇ ਮਨੁੱਖ ਦੀ ਜਾਨ ਲੈ ਸਕਦਾ ਹੈ । ਪਿੱਛੋਂ ਪਛਤਾਵੇ ਤੋਂ ਬਿਨਾਂ ਕੁੱਝ ਨਹੀਂ ਮਿਲਦਾ । ਦੁਸ਼ਮਨੀ ਖੜ੍ਹੀ ਕਰ ਕੇ ਜੀਵਨ ਨੂੰ ਡਰਪੋਕਤਾ ਦਾ ਪਾਠ ਪੜ੍ਹਾ ਦਿੰਦਾ ਹੈ । ਸਮਾਂ ਧਿਆਨ ਵਿੱਚ, ਬੋਲ ਜ਼ੁਬਾਨ ਵਿੱਚ, ਤੀਰ ਕਮਾਨ ਵਿੱਚ ਰੱਖਿਆ ਹੀ ਮਨੁੱਖੀ ਜੀਵਨ ਲਈ ਸੁਖ ਪ੍ਰਦਾਨ ਕਰੇਗਾ । ਇਸ ਲਈ ਸਾਡੇ ਜੀਵਨ ਦੇ ਹਾਵ-ਭਾਵ ਖੁੱਸ਼ ਗਵਾਰ ਦਾ ਪਹਿਰਾਵਾ ਪਹਿਨਦੇ ਹਨ ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249



# ਝੋਨੇ ਤੇ ਬਾਸਮਤੀ ਦੇ ਝਾੜ ਵਿੱਚ ਭਾਰੀ ਕਮੀ ਆਈ

ਬਾਸਮਤੀ ਤੇ ਝੋਨੇ ਦੇ ਝਾੜ ਵਿੱਚ ਜ਼ਬਰਦਸਤ ਕਮੀ ਆਈ ਹੈ। ਪਹਿਲਾਂ ਭਾਰੀ ਬਾਰਿਸ਼ਾਂ, ਫਿਰ ਹੜ੍ਹ, ਫਿਰ ਚਾਈਨਾ ਵਾਇਰਸ (ਬੂਟਿਆਂ ਦਾ ਮਧਰਾਪਣ) ਦੀ ਬਿਮਾਰੀ, ਝੁਲਸ ਰੋਗ, ਤੇਲਾ ਤੇ ਅਖ਼ੀਰ ਵਿੱਚ ਹਲਦੀ ਰੋਗ ਨਾਲ ਵੱਡੇ ਰਕਬੇ ਵਿੱਚ ਫ਼ਸਲ ਪ੍ਰਭਾਵਿਤ ਹੋਈ ਹੈ ਜਿਸ ਨੇ ਝਾੜ ਵਿੱਚ ਕਮੀ ਲਿਆਂਦੀ ਹੈ। ਫ਼ਸਲ ਵਿੱਚ ਦਾਣਿਆਂ ਦੀ ਗੁਣਵੱਤਾ ਵੀ ਖ਼ਰਾਬ ਹੋਈ ਹੈ। ਬਾਸਮਤੀ 16.70 ਲੱਖ ਏਕੜ ਵਿੱਚ (6.91 ਲੱਖ ਹੈਕਟੇਅਰ) ਰਕਬੇ 'ਤੇ ਬੀਜੀ ਜਾਂਦੀ ਹੈ, ਜਿਸ ਵਿੱਚੋਂ ਬਹੁਤਾ ਰਕਬਾ ਬਿਆਸ ਤੇ ਰਾਵੀ ਦਰਿਆਵਾਂ ਦੇ ਦਰਮਿਆਨ ਦੀ ਉਪਜਾਊ ਜ਼ਮੀਨ ਵਾਲਾ ਹੈ। ਬਾਸਮਤੀ ਤੋਂ ਪਿਛਲੇ ਸਾਲਾਂ ਵਿੱਚ ਕਿਸਾਨਾਂ ਨੇ ਇੱਕ ਲੱਖ ਰੁਪਏ ਪ੍ਰਤੀ ਏਕੜ ਤੋਂ ਵੀ ਵੱਧ ਦੀ ਵੱਟਤ ਕੀਤੀ ਸੀ। ਇਸ ਸਾਲ ਇਸ ਵਿੱਚ ਵੱਡਾ ਖਸਾਰਾ ਲੱਗ ਸਕਦਾ ਹੈ। ਮੰਡੀਆਂ ਵਿੱਚ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀ ਪੂਸਾ ਬਾਸਮਤੀ 1509 ਦੀ ਫ਼ਸਲ ਆਉਣੀ ਸ਼ੁਰੂ ਹੋ ਗਈ ਹੈ, ਜੋ ਗੁਣਵੱਤਾ ਤੇ ਕੁਆਲਟੀ ਦੇ ਲਿਹਾਜ਼ ਨਾਲ 2600-2700 ਰੁਪਏ ਪ੍ਰਤੀ ਕੁਇੰਟਲ ਤੋਂ 3500 ਰੁਪਏ ਪ੍ਰਤੀ ਕੁਇੰਟਲ ਤੱਕ ਵਿਕ ਰਹੀ ਹੈ। ਝਾੜ ਵਿੱਚ ਕਮੀ ਆਉਣ ਕਾਰਨ ਕਿਸਾਨਾਂ ਨੂੰ ਬੜਾ ਨੁਕਸਾਨ ਹੋ ਰਿਹਾ ਹੈ। ਚੌਲ ਮਿਲਾਂ ਦੇ ਪ੍ਰਤੀਨਿਧੀਆਂ ਅਨੁਸਾਰ 1000 ਕਰੋੜ ਰੁਪਏ ਤੱਕ ਦੀ ਬਾਸਮਤੀ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ। ਹੜ੍ਹਾਂ ਤੇ ਬਿਮਾਰੀਆਂ ਨੇ ਇਕ ਲੱਖ ਏਕੜ ਤੋਂ ਵੱਧ ਰਕਬੇ 'ਤੇ ਫ਼ਸਲ ਨੂੰ ਪ੍ਰਭਾਵਿਤ ਕੀਤਾ ਹੈ।

ਭਾਰਤ ਵਿੱਚੋਂ ਲਗਭਗ 60 ਲੱਖ ਟਨ ਬਾਸਮਤੀ 40 ਹਜ਼ਾਰ ਕਰੋੜ ਤੋਂ ਵੱਧ ਮੁੱਲ ਦੀ ਪਿਛਲੇ ਸਾਲ ਬਰਾਮਦ ਕੀਤੀ ਗਈ ਸੀ। ਇਸ ਵਿੱਚ ਪੰਜਾਬ ਦਾ 40% ਤੱਕ ਯੋਗਦਾਨ ਸੀ। ਇਸ ਸਾਲ ਦੀ ਫ਼ਸਲ ਦਾ ਖ਼ਰਾਬਾ ਪੰਜਾਬ ਤੋਂ ਬਾਸਮਤੀ ਦੀ ਬਰਾਮਦ ਨੂੰ ਵੀ ਪ੍ਰਭਾਵਿਤ ਕਰੇਗਾ। ਪਿਛਲੇ ਹਫ਼ਤੇ ਲੱਗੇ ਕਿਸਾਨ ਕੈਂਪ ਵਿੱਚ ਪੰਜਾਬ ਭਰ ਤੋਂ ਚੋਣਵੇਂ ਕਿਸਾਨ ਆਏ, ਜਿਨ੍ਹਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਗਿਰਦਾਵਰੀ ਕਰਾ ਕੇ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਬਾਸਮਤੀ ਦੀ ਘੱਟੋ-ਘੱਟ ਸਹਾਇਕ ਕੀਮਤ ਮੁਕੱਰਰ ਕਰੇ। ਇਸ ਤੋਂ ਜ਼ਾਹਿਰ ਹੈ ਕਿ ਉਹ ਝੋਨੇ ਤੇ ਬਾਸਮਤੀ ਦੀ ਫ਼ਸਲ ਤੋਂ ਹੋਏ ਨੁਕਸਾਨ ਤੋਂ ਬੜੇ ਪ੍ਰੇਸ਼ਾਨ ਹਨ।



ਭਗਵਾਨ ਦਾਸ

ਬਾਸਮਤੀ ਤੋਂ ਇਲਾਵਾ ਏਨਾ ਉਤਪਾਦਕ ਜੋ ਬਹੁਗਿਣਤੀ ਵਿੱਚ ਹਨ, ਨੂੰ ਵੀ ਬਿਮਾਰੀ ਤੇ ਬੇਮੌਸਮੀ ਹੜ੍ਹਾਂ ਕਾਰਨ ਭਾਰੀ ਨੁਕਸਾਨ ਸਹਿਣਾ ਪਿਆ ਹੈ। ਝੋਨੇ ਦੀ ਫ਼ਸਲ 24-25 ਲੱਖ ਹੈਕਟੇਅਰ ਰਕਬੇ 'ਤੇ ਕਾਸ਼ਤ ਕੀਤੀ ਜਾਂਦੀ ਹੈ। ਬੇਮੌਸਮੀ ਹੜ੍ਹ, ਚਾਇਨਾ ਵਾਇਰਸ (ਬੂਟਿਆਂ ਦਾ ਮਧਰਾਪਣ), ਝੁਲਸ ਰੋਗ ਤੇ ਤੇਲੇ ਤੋਂ ਇਲਾਵਾ ਜਿਸ ਵੇਲੇ ਫ਼ਸਲ ਹੁਣ ਪੱਕਣ 'ਤੇ ਆ ਗਈ ਹੈ ਤਾਂ ਹਲਦੀ ਰੋਗ ਦੇ ਹਮਲੇ ਨੇ ਪਠਾਨਕੋਟ, ਰੂਪਨਗਰ, ਮੁਹਾਲੀ, ਫ਼ਤਹਿਗੜ੍ਹ ਸਾਹਿਬ, ਸੰਗਰੂਰ ਅਤੇ ਪਟਿਆਲਾ ਨੂੰ ਘੇਰ ਲਿਆ। ਖੜ੍ਹੀ ਫ਼ਸਲ ਦੀਆਂ ਪੱਕੀਆਂ ਹੋਈਆਂ ਬੱਲੀਆਂ ਇਸ ਬਿਮਾਰੀ ਨੇ ਪੀਲੇ ਪਾਊਡਰ ਵਿੱਚ ਤਬਦੀਲ ਕਰ ਦਿੱਤੀਆਂ ਹਨ। ਚੌਲ ਤਿਆਰ ਨਹੀਂ ਹੋਣ ਦਿੱਤਾ ਤੇ ਝਾੜ ਵੀ ਵੱਡੇ ਪੱਧਰ 'ਤੇ ਘੱਟ ਗਿਆ। ਜੇ ਇਸ ਰੋਗ ਨੂੰ ਸਪਰੇਆਂ ਰਾਹੀਂ ਅਤੇ ਮਾਹਿਰਾਂ ਵਲੋਂ ਦਿੱਤੀਆਂ ਤਕਨੀਕਾਂ ਵਰਤਦੇ ਹੋਏ ਕਾਬੂ ਨਾ ਕੀਤਾ ਗਿਆ ਤਾਂ 50% ਤੱਕ ਵੀ ਝਾੜ ਵਿੱਚ ਕਮੀ ਆ ਸਕਦੀ ਹੈ। ਮਤਵਾਤਰ ਮੀਂਹ ਪੈਣ ਕਾਰਨ ਅਤੇ ਧੁੱਪ ਦੀ ਕਮੀ ਹੋਣ ਕਾਰਨ ਵੀ ਇਨ੍ਹਾਂ ਬਿਮਾਰੀਆਂ ਦੀ ਬਹੁਤਾਤ ਰਹੀ। ਜਿਨ੍ਹਾਂ ਖੇਤਾਂ ਵਿੱਚ ਨਾਈਟ੍ਰੋਜਨ ਦੀ ਖ਼ੁਰਾਕ ਵੱਧ ਦਿੱਤੀ ਗਈ ਸੀ, ਉੱਥੇ ਵੀ ਹਲਦੀ ਰੋਗ ਤੇ ਹੋਰ ਬਿਮਾਰੀਆਂ ਤੇਜ਼ੀ ਨਾਲ ਫੈਲੀਆਂ ਹਨ। ਨਮੀ ਤੇ ਮੀਂਹ ਨਾਲ ਰੋਗ ਦਾ ਹੋਰ ਫੈਲਾਅ ਹੋਇਆ। ਅਣਗਿਣਤ ਕਿਸਾਨਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਪਟਿਆਲਾ ਨੇੜੇ ਬਿਸ਼ਨਪੁਰ ਛੰਨਾ ਦੇ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਕਹਿੰਦਾ ਹੈ ਕਿ ਉਸ ਨੇ ਇਸ ਸਾਲ ਝੋਨੇ ਦੀ ਫ਼ਸਲ ਤੋਂ ਇਕੱਲੇ ਨੇ 20 ਲੱਖ ਰੁਪਏ ਦਾ ਨੁਕਸਾਨ ਉਠਾਇਆ ਹੈ, ਜਦਕਿ ਉਹ ਪਿਛਲੇ ਸਾਲਾਂ ਵਿੱਚ ਝੋਨੇ ਤੋਂ ਹੀ ਵਧੀਆ ਆਮਦਨ ਪ੍ਰਾਪਤ ਕਰਦਾ ਰਿਹਾ ਹੈ।

ਚਾਈਨਾ ਵਾਇਰਸ (ਬੂਟੇ ਦਾ ਮਧਰਾਪਣ) ਭਿਆਨਕ ਰੋਗ ਹੈ ਜੋ ਤੇਜ਼ੀ ਨਾਲ ਫ਼ੈਲਦਾ ਹੈ ਅਤੇ ਝਾੜ ਘਟਾਉਂਦਾ ਹੈ। ਇਸ ਲਈ ਵਿਗਿਆਨੀਆਂ ਤੇ ਖੋਜ ਸੰਸਥਾਵਾਂ ਵਲੋਂ ਗੰਭੀਰਤਾ ਨਾਲ ਖੋਜ ਕੀਤੀ ਜਾ ਰਹੀ ਹੈ। ਆਈ. ਏ. ਆਰ. ਆਈ. ਦੇ ਵਿਗਿਆਨੀਆਂ ਨੇ ਪੰਜਾਬ ਤੇ ਹਰਿਆਣਾ ਦੇ ਖੇਤਾਂ ਦਾ ਸਰਵੇਖਣ ਕਰਨ ਤੋਂ ਬਾਅਦ ਇਸ 'ਤੇ ਖੋਜ ਸ਼ੁਰੂ ਕੀਤੀ ਹੋਈ ਹੈ। ਇਸ ਤੋਂ ਇਲਾਵਾ ਐਗਰੋ ਕੈਮੀਕਲਜ਼ ਦੀ ਮਲਟੀਨੈਸ਼ਨਲ ਕੰਪਨੀਆਂ ਜਿਵੇਂ ਯੂ. ਪੀ. ਐਲ. ਦੇ ਮਾਹਿਰਾਂ ਨੇ ਵੀ ਖੇਤਾਂ ਵਿੱਚ ਜਾ ਕੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ ਕਰ ਕੇ ਖੋਜ ਸੰਸਥਾਵਾਂ ਜਿਵੇਂ ਆਈ. ਏ. ਆਰ. ਆਈ. ਆਦਿ ਦੇ ਵਿਗਿਆਨੀਆਂ ਨਾਲ ਸੰਪਰਕ ਕਰਕੇ ਇਸ ਬਿਮਾਰੀ 'ਤੇ ਖੋਜ ਸ਼ੁਰੂ ਕੀਤੀ ਹੈ।

ਰੱਖੜਾ ਕਿਸਾਨ ਕੈਂਪ ਅਤੇ ਲੁਧਿਆਣਾ ਦੇ ਪੀ. ਏ. ਯੂ. ਕਿਸਾਨ ਮੇਲੇ ਵਿੱਚ ਪਿਛਲੇ ਮਹੀਨੇ ਆਏ ਕਿਸਾਨਾਂ ਵਲੋਂ ਦਿਖਾਈ ਗਈ ਕਣਕ ਦੇ ਬੀਜ ਖਰੀਦਣ ਲਈ ਉਤਸੁਕਤਾ ਇਹ ਜ਼ਾਹਿਰ ਕਰਦੀ ਹੈ ਕਿ ਕਿਸਾਨ ਹੁਣ ਕਣਕ ਦੀ ਬਿਜਾਈ ਪੂਰੇ ਉਤਸ਼ਾਹ ਨਾਲ ਕਰਨਗੇ ਤਾਂ ਜੋ ਉਨ੍ਹਾਂ ਨੂੰ ਝੋਨੇ, ਬਾਸਮਤੀ ਤੋਂ ਹੋਏ ਨੁਕਸਾਨ ਦੀ ਪੂਰਤੀ ਹੋ ਸਕੇ। ਆਈ. ਸੀ. ਏ.ਆਰ., ਆਈ. ਏ. ਆਰ. ਆਈ. ਤੇ ਆਈ. ਆਈ. ਡਬਲਿਊ. ਬੀ. ਆਰ. (ਇੰਡੀਅਨ ਇੰਸਟੀਚਿਊਟ ਆਫ਼ ਵ੍ਹੀਟ ਐਂਡ ਬਾਰਲੇ ਰਿਸਰਚ) ਵਲੋਂ ਵੀ ਕਿਸਾਨਾਂ ਨੂੰ ਨਵੀਆਂ ਸਫ਼ਲ ਕਿਸਮਾਂ ਦੇ ਕਣਕ ਦੇ ਬੀਜ ਅਗਲੇ ਮਹੀਨੇ ਦਿੱਤੇ ਜਾਣਗੇ। ਪੰਜਾਬ ਸਰਕਾਰ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਵੀ ਪੂਰਾ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਹਾੜੀ ਦੀ ਫ਼ਸਲ ਵਿਸ਼ੇਸ਼ ਕਰਕੇ ਕਣਕ ਦੀ ਫ਼ਸਲ ਲਈ ਕਿਸਾਨਾਂ ਨੂੰ ਵੱਧ ਤੋਂ ਵੱਧ ਮਦਦ ਮੁਹੱਈਆ ਕੀਤੀ ਜਾ ਸਕੇ।

### ਖਾਦ ਭਾਵੇਂ ਰਸਾਇਣਕ ਹੋਵੇ ਜਾਂ ਜੈਵਿਕ, ਮਿੱਟੀ ਦੇ ਖੁਰਾਕੀ ਤੱਤਾਂ ਦੇ ਪੱਧਰ ਨੂੰ ਵਾਧਾ ਦਿੰਦੀ ਹੈ

# ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਹੈ 'ਫ਼ਸਲਾਂ ਲਈ ਲਾਹੇਵੰਦ'

**ਜਦੋਂ ਫ਼ਸਲਾਂ ਦੀਆਂ ਬੀਮਾਰੀਆਂ ਦੇ ਪ੍ਰਬੰਧਨ ਦੀ ਗੱਲ ਆਉਂਦੀ ਹੈ, ਤਾਂ ਰਸਾਇਣਕ ਖਾਦਾਂ ਦੀ ਸਮਝਦਾਰੀ ਨਾਲ ਵਰਤੋਂ ਕਰਨਾ ਟਿਕਾਊ ਖੇਤੀਬਾੜੀ ਦਾ ਇੱਕ ਲੋੜੀਂਦਾ ਅੰਗ ਹੈ। ਇਨ੍ਹਾਂ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਵਾਤਾਵਰਣ ਦੀ ਗੁਣਵੱਤਾ ਨੂੰ ਪ੍ਰਭਾਵਿਤ ਕੀਤੇ ਬਿਨਾਂ, ਫ਼ਸਲਾਂ ਦੀ ਸਿਹਤ ਅਤੇ ਉਤਪਾਦਕਤਾ ਨੂੰ ਵਧਾਉਣਾ ਯਕੀਨੀ ਬਣਾਇਆ ਜਾ ਸਕਦਾ ਹੈ।**



## ਖਾਦਾਂ ਦੀ ਵਰਤੋਂ ਇੱਕ ਮਿਲੀ-ਜੁਲੀ ਬਰਕਤ

ਖਾਦ ਭਾਵੇਂ ਰਸਾਇਣਕ ਹੋਵੇ ਜਾਂ ਜੈਵਿਕ, ਪੌਦਿਆਂ ਦੇ ਵਾਧੇ ਅਤੇ ਉਤਪਾਦਕਤਾ ਲਈ ਲੋੜੀਂਦੇ ਜ਼ਰੂਰੀ ਖ਼ੁਰਾਕੀ ਤੱਤ ਪ੍ਰਦਾਨ ਕਰਦੀ ਹੈ। ਇਹ ਮਿੱਟੀ ਦੇ ਖ਼ੁਰਾਕੀ ਤੱਤਾਂ ਦੇ ਪੱਧਰ ਨੂੰ ਵਧਾ ਦਿੰਦੀ ਹੈ, ਜੋ ਫ਼ਸਲਾਂ ਦੀ ਕਾਸ਼ਤ ਕਰਨ ਸਮੇਂ ਘਟਦੇ ਰਹਿੰਦੇ ਹਨ। ਹਾਲਾਂਕਿ, ਰਸਾਇਣਕ ਖਾਦਾਂ ਦੀ, ਬੇਲੋੜੀ ਜਾਂ ਗਲਤ ਵਰਤੋਂ ਜਿਵੇਂ ਖੁਰਾਕੀ ਤੱਤਾਂ ਦਾ ਅਸੰਤੁਲਨ ਪੈਦਾ ਕਰ ਸਕਦੀ ਹੈ, ਉੱਥੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾ ਸਕਦੀ ਹੈ। ਇਸ ਲਈ ਫ਼ਸਲਾਂ ਵਿੱਚ ਟਿਕਾਊ ਬੀਮਾਰੀ ਪ੍ਰਬੰਧਨ ਲਈ ਜ਼ਰੂਰੀ ਤੌਰ 'ਤੇ ਰਸਾਇਣਕ ਖਾਦਾਂ ਦੀ ਸਾਵਧਾਨੀ ਅਤੇ ਸਮਾਜਵਾਦੀ ਨਾਲ ਵਰਤੋਂ ਦੀ ਲੋੜ ਹੈ, ਜਿਸ ਨਾਲ ਪੌਦਿਆਂ ਦੀ ਸਿਹਤ ਵੀ ਅਨੁਕੂਲ ਰਹਿ ਸਕਦੀ ਹੈ ਅਤੇ ਇਸ ਦਾ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਘੱਟੋ-ਘੱਟ ਪੈਂਦਾ ਹੈ।

## ਖ਼ੁਰਾਕੀ ਤੱਤਾਂ ਦਾ ਪ੍ਰਬੰਧਨ : ਮੁੱਖ ਸਿਧਾਂਤ

**1. ਮਿੱਟੀ ਦੀ ਪਰਖ :-** ਖਾਦ ਪਾਉਣ ਤੋਂ ਪਹਿਲਾਂ ਕਰਵਾਈ ਗਈ ਮਿੱਟੀ ਦੀ ਪਰਖ ਖੇਤ ਦੇ ਖ਼ੁਰਾਕੀ ਤੱਤਾਂ ਦੇ ਪੱਧਰ, ਖਾਰੀ ਅੰਗ ਅਤੇ ਜੈਵਿਕ ਕਾਰਬਨ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਜਾਣਕਾਰੀ ਮਿੱਟੀ ਅਤੇ ਫ਼ਸਲ ਦੀਆਂ ਖਾਸ ਕਰਤੂਤਾਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਖਾਦਾਂ ਦੀ ਵਰਤੋਂ ਸੰਬੰਧੀ ਜ਼ਰੂਰੀ ਫ਼ੈਸਲੇ ਲੈਣ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ ਇਹ ਖਾਦਾਂ ਦੀ ਬੇਲੋੜੀ ਵਰਤੋਂ ਨੂੰ ਰੋਕਣ ਵਿੱਚ ਵੀ ਸਹਾਇਤਾ ਕਰਦੀ ਹੈ, ਜਿਸ ਦੇ ਨਤੀਜੇ ਵਜੋਂ ਖ਼ੁਰਾਕੀ ਅਸੰਤੁਲਨ ਹੋ ਸਕਦਾ ਹੈ ਕਿ ਪੌਦਿਆਂ ਨੂੰ ਬਿਮਾਰੀਆਂ ਲਈ ਵਧੇਰੇ ਸੰਵੇਦਨਸ਼ੀਲ ਬਣਾਉਂਦਾ ਹੈ।

**2. ਸੰਤੁਲਿਤ ਖਾਦ ਦੀ ਵਰਤੋਂ :-** ਵੱਖ-ਵੱਖ ਫ਼ਸਲਾਂ ਅਤੇ ਫ਼ਸਲਾਂ ਦੀਆਂ ਖ਼ੁਰਾਕੀ ਲੋੜਾਂ ਵੱਖੋ-ਵੱਖਰੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਤੱਤਾਂ ਨੂੰ ਪ੍ਰਦਾਨ ਕਰਨ ਸਮੇਂ ਅਸੰਤੁਲਨ, ਪੌਦੇ ਦੀ ਰੱਖਿਆ ਪ੍ਰਣਾਲੀ ਨੂੰ ਵਿਗਾੜ ਸਕਦਾ ਹੈ। ਉਦਾਹਰਣ ਵਜੋਂ, ਬਹੁਤ ਜ਼ਿਆਦਾ ਨਾਈਟ੍ਰੋਜਨ ਤੱਤ ਦੀ ਵਰਤੋਂ ਨਾਲ ਪੱਤਿਆਂ ਦੇ ਆਕਾਰ ਅਤੇ ਗਿਣਤੀ ਵਿੱਚ ਬੇਲੋੜਾ ਵਾਧਾ, ਵੱਧ ਵਾਸ਼ਪੀਕਰਨ, ਪੌਦਿਆਂ ਵਿੱਚ ਸਮੁੱਚੀ ਪਾਣੀ ਦੀ ਮਾਤਰਾ ਦਾ ਵਧਣਾ, ਪੌਦਿਆਂ ਨੂੰ ਬੀਮਾਰੀਆਂ ਲਈ ਵਧੇਰੇ ਸੰਵੇਦਨਸ਼ੀਲ ਬਣ ਸਕਦਾ ਹੈ। ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ ਅਤੇ ਸੂਖਮ ਤੱਤਾਂ ਸਮੇਤ ਬਾਕੀ ਸਾਰੇ ਜ਼ਰੂਰੀ ਖ਼ੁਰਾਕੀ ਤੱਤਾਂ ਦੇ ਲੋੜੀਂਦੇ ਪੱਧਰ ਨੂੰ ਯਕੀਨੀ ਬਣਾਉਣ ਵਾਲਾ ਸੰਤੁਲਿਤ ਅਤੇ ਏਕੀਕ੍ਰਿਤ ਦ੍ਰਿਸ਼ਟੀਕੋਣ ਪੌਦਿਆਂ ਦੇ ਰੋਗਾਣੂਆਂ ਪ੍ਰਤੀ ਵਿਰੋਧ ਵਧਾਉਣ ਵਿੱਚ ਮਦਦ ਕਰ ਸਕਦਾ ਹੈ।

**3. ਖਾਦਾਂ ਪਾਉਣ ਦਾ ਸਮਾਂ ਅਤੇ ਵਰਤੋਂ ਦਾ ਤਰੀਕਾ :-** ਖਾਦ ਪਾਉਣ ਦਾ ਸਮਾਂ ਅਤੇ ਢੰਗ, ਬੀਮਾਰੀ ਦੇ ਹਮਲੇ ਅਤੇ ਪ੍ਰਬੰਧਨ ਦੋਵਾਂ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ। 'ਕਿਸ਼ਤਾਂ' ਬਣਾ ਕੇ ਖਾਦ ਪਾਉਣ ਦੀ ਵਿਧੀ ਨੂੰ ਅਪਣਾਉਣ ਨਾਲ ਜਿੱਥੇ ਫ਼ਸਲ ਦੇ ਵੱਖ-ਵੱਖ ਵਿਕਾਸ ਪੜਾਵਾਂ ਤੇ ਖਾਦਾਂ ਦੀਆਂ ਛੋਟੀਆਂ ਖੁਰਾਕਾਂ, ਖ਼ਾਸ ਕਰ ਕੇ ਨਾਈਟਰੋਜਨ ਦੀ ਵਰਤੋਂ ਕੁਸ਼ਲਤਾ ਵਿੱਚ ਸੁਧਾਰ ਹੋ ਸਕਦਾ ਹੈ, ਉਥੇ ਖ਼ੁਰਾਕੀ ਤੱਤਾਂ ਨੂੰ ਜੜ੍ਹ ਖੇਤਰ ਤੋਂ ਥੱਲੇ ਜਾਣ ਕਾਰਨ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਖ਼ੁਰਾਕੀ ਤੱਤਾਂ ਦੀ 'ਬੈਂਡ ਪਲੇਸਮੈਂਟ' ਜਾਂ 'ਫਰਟੀਗੇਸ਼ਨ' ਵਿਧੀ ਵਰਗੇ ਤਰੀਕਿਆਂ ਦੁਆਰਾ ਖਾਦਾਂ ਨੂੰ ਸਹੀ ਥਾਂ 'ਤੇ ਸਿੱਧਾ ਪੌਦਿਆਂ ਦੇ ਜੜ੍ਹ ਖੇਤਰ ਤਕ ਪਹੁੰਚਾਉਣਾ ਯਕੀਨੀ ਬਣਾਇਆ ਜਾ ਸਕਦਾ ਹੈ, ਜਿਸ ਨਾਲ ਖ਼ੁਰਾਕੀ ਤੱਤਾਂ ਦੀ ਵਰਤੋਂ ਤੇ ਕੁਸ਼ਲਤਾ ਵਧਦੀ ਹੈ ਅਤੇ ਬੀਮਾਰੀ ਦੇ ਹਮਲੇ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ।

**4. ਜੈਵਿਕ ਖਾਦ ਅਤੇ ਜੈਵਿਕ ਨਿਯੰਤਰਨ ਏਜੰਟ :-** ਏਕੀਕ੍ਰਿਤ ਖ਼ੁਰਾਕੀ ਪ੍ਰਬੰਧਨ ਰਣਨੀਤੀਆਂ ਵਿੱਚ ਜੈਵਿਕ ਖਾਦਾਂ ਅਤੇ ਜੈਵਿਕ ਨਿਯੰਤਰਨ ਏਜੰਟਾਂ ਨੂੰ ਸ਼ਾਮਲ ਕਰ ਕੇ ਪੌਦਿਆਂ ਦੀਆਂ ਬੀਮਾਰੀਆਂ ਵਿਰੁੱਧ ਪ੍ਰਤੀਰੋਧ ਨੂੰ ਵਧਾਇਆ ਜਾ ਸਕਦਾ ਹੈ। ਰੂੜ੍ਹੀ ਦੀ ਖਾਦ, ਕੰਪੋਸਟ ਅਤੇ ਹਰੀ ਖਾਦ ਵਰਗੀਆਂ ਜੈਵਿਕ ਖਾਦਾਂ ਮਿੱਟੀ ਦੀ ਬਣਤਰ, ਪਾਣੀ ਜ਼ਜਬ ਕਰਨ ਦੀ ਸਮਰੱਥਾ ਅਤੇ ਸੂਖਮ ਜੀਵਾਣੂੰ ਗਤੀਵਿਧੀਆਂ ਨੂੰ ਬਿਹਤਰ ਬਣਾਉਣ ਦੇ ਨਾਲ-ਨਾਲ ਪੌਦਿਆਂ ਦੇ ਜੜ੍ਹ ਖੇਤਰ ਨੇੜੇ ਇੱਕ ਸਿਹਤਮੰਦ ਵਾਤਾਵਰਣ ਵੀ ਬਣਾਉਂਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਈਕ੍ਰੋਬਾਇਓਲਾਜੀ ਵਿਭਾਗ ਵੱਲੋਂ ਵੀ ਫ਼ਸਲਾਂ ਦੇ ਬੀਜ਼ਾਂ, ਝੋਨੇ ਦੀ ਪੌਦ ਜਾਂ ਮਿੱਟੀ ਵਿੱਚ ਪਾਉਣ ਲਈ ਜੀਵਾਣੂੰ ਟੀਕੇ ਤਿਆਰ ਕੀਤੇ ਹਨ, ਜੋ ਕਿ ਕਿਸਾਨ ਨੇੜਲੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ/ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਬੜੀ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਰਸਾਇਣਕ ਖਾਦਾਂ ਦੀ ਸਮਝਦਾਰੀ ਨਾਲ ਵਰਤੋਂ ਨਾ ਸਿਰਫ਼ ਪੌਦਿਆਂ ਦੇ ਰੋਗ ਪ੍ਰਬੰਧਨ ਵਿੱਚ ਸਹਾਇਤਾ ਕਰਦੀ ਹੈ, ਸਗੋਂ ਵਾਧੂ ਫ਼ਾਇਦੇ ਵੀ ਦਿੰਦੀ ਹੈ। ਜਿਵੇਂ ਕਿ ਇਹ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਦੀ ਹੈ, ਖ਼ੁਰਾਕੀ ਤੱਤਾਂ ਦੀ ਵਰਤੋਂ ਦੀ ਕੁਸ਼ਲਤਾ ਨੂੰ ਵਧਾਉਂਦੀ ਹੈ, ਹਰਾ ਗ੍ਰਹਿ ਪ੍ਰਭਾਵ ਵਾਲੀਆਂ ਗੈਸਾਂ ਦੇ ਵਿਕਾਸ ਨੂੰ ਘਟਾਉਂਦੀ ਹੈ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਘਟਾਉਂਦੀ ਹੈ ਆਦਿ। ਟਿਕਾਊ ਖਾਦ ਵਰਤੋਂ ਦੀਆਂ ਰਣਨੀਤੀਆਂ ਲੰਬੇ ਸਮੇਂ ਦੀ ਖੇਤੀਬਾੜੀ ਸਥਿਰਤਾ, ਵਾਤਾਵਰਣ ਸੁਰੱਖਿਆ ਅਤੇ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦੀਆਂ ਹਨ।

**- ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ**



# ਪਾਣੀ ਜ਼ਿੰਦਗੀ ਵਿੱਚ ਨਿਰੰਤਰ ਵਹਿਣ ਦਾ ਆਦੇਸ਼ ਦਿੰਦਾ ਹੈ

ਪਾਣੀ ਤੋਂ ਬਿਨਾਂ ਜੀਵਨ ਅਧੂਰਾ ਹੈ। 84 ਲੱਖ ਜੂਨ ਪਾਣੀ ਉੱਪਰ ਹੀ ਨਿਰਭਰ ਹੈ। ਪਾਣੀ ਇੱਕ ਪ੍ਰਾਕਿਰਤਿਕ ਅਤੇ ਜੀਵਨਦਾਈ ਸਾਧਨ ਹੈ। ਪਾਣੀ ਇੱਕ ਮਹੱਤਵਪੂਰਨ ਸੰਸਾਧਨ ਹੈ। ਪਾਣੀ ਜੜ੍ਹ ਚੇਤਨਾ ਦਾ ਸਵਾਮੀ ਹੈ। ਪਾਣੀ ਕੁਦਰਤ ਦੀ ਮੁੱਢ ਕਦੀਮੀ ਪਾਰਦਰਸ਼ੀ ਅਦਭੁਤ, ਅਨਮੋਲ, ਅਦੁੱਤੀ ਤੇ ਸ਼ੀਤਲ ਸੁੰਦਰ ਰਚਨਾ ਹੈ। ਤੜਪਦੇ ਜਾਂ ਜ਼ਖਮੀ ਪ੍ਰਾਣੀ ਦੀ ਹਾਏ ਨੂੰ ਸ਼ਾਂਤ ਸ਼ੀਤਲ ਸੰਤੁਸ਼ਟ ਕਰਨ ਲਈ ਤੇ ਹਾਏ ਦੀ ਤ੍ਰਿਪਤੀ ਦਾ ਪਰਮਾਤਮਾ ਪਾਣੀ ਹੀ ਹੈ। ਸਾਰੀ ਧਰਤੀ ਪਾਣੀ ਦੀ ਪਭੂ ਸਤਾ ਰੂਪੀ ਥੰਮੀਆਂ ਉੱਪਰ ਸੁੰਦਰ ਸ੍ਰਿਸ਼ਟੀ ਨਾਲ ਸ਼ੋਭਨੀਏ ਹੈ। ਪਾਣੀ ਜ਼ਿੰਦਗੀ ਨੂੰ ਨਿਰੰਤਰ ਵਹਿਣ ਦਾ ਸੰਦੇਸ਼ ਦਿੰਦਾ ਹੋਇਆ ਨਿਮਰਤਾ ਅਤੇ ਅਭਿਵਾਦਨ ਦਾ ਸੂਚਕ ਹੋ ਜਾਂਦਾ ਹੈ। ਸ੍ਰਿਸ਼ਟੀ ਦੀ ਸਮੁੱਚੀ ਹੋਂਦ ਦੀ ਸੁੰਦਰਤਾ, ਉਪਜਤਾ, ਖੁਸ਼ਹਾਲੀ, ਖੇੜਾ ਤੇ ਲੰਬੀ ਉਮਰ ਦਾ ਸੱਚਾ ਸਾਥੀ ਹੈ। ਪਾਣੀ ਹੀ ਹੈ ਜੋ ਅਗਨੀ ਨੂੰ ਸ਼ਾਂਤ ਕਰ ਸਕਦਾ ਹੈ। ਪਾਣੀ ਦੀ ਤਾਕਤ ਹੀ ਅਗਨੀ ਦੀ ਦੁਸ਼ਮਣ ਹੈ। ਪਾਣੀ ਇੱਕ ਐਸਾ ਸਰਵੋਤਮ ਦੇਵਤਾ ਹੈ ਜਿਸ ਦੇ ਅੱਗੇ ਗੰਦਲਾ ਪ੍ਰਸ਼ਾਦਿ ਚੜ੍ਹਾਉਣਾ ਇੱਕ ਮਹਾਂ ਪਾਪ ਹੈ। ਪਾਣੀ ਦੀ ਪਵਿੱਤਰਤਾ ਹੀ ਮਨੁੱਖ ਨੂੰ ਸਰੀਰਕ ਸੁੱਖ ਤੇ ਜੰਨਤ ਦਾ ਰਸਤਾ ਦੱਸਦੀ ਹੈ। ਕਿਸੇ ਵੀ ਜੜ੍ਹ ਨੂੰ ਪ੍ਰਫੁੱਲਤ ਹੋਣ ਲਈ ਖੁਸ਼ਹਾਲੀ ਦਾ ਅਸ਼ੀਰਵਾਦ ਪਾਣੀ ਹੀ ਦਿੰਦਾ ਹੈ। ਪਾਣੀ ਦਾ ਮੋਹ ਤਾਂ ਜੰਨਤ ਹੈ ਪਰ ਇਸ ਦੀ ਦੁਸ਼ਮਣੀ ਬਰਬਾਦੀ ਕਰਦੀ ਹੈ ਜਿਨ੍ਹਾਂ ਕੌਮਾਂ ਦੇ ਉੱਪਰ ਪਾਣੀ ਦੀਆਂ ਸ਼ੁਭਕਾਮਨਾਵਾਂ ਹਨ ਉਹਨਾਂ ਕੌਮਾਂ ਨੇ ਸੁਖਦ ਜੀਵਨ ਪਾ ਕੇ ਤਰੱਕੀ ਦੀਆਂ ਮੰਜ਼ਿਲਾਂ ਛੂਹੀਆਂ ਹਨ ਅਤੇ ਗਰਮੀ ਦੇ ਵਿੱਚ ਕਿਸੇ ਠੰਡੇ ਪਾਣੀ ਵਿੱਚ ਮਾਰੀ ਚੁੱਭੀ ਕਿਸੇ ਜੰਨਤ ਦੇ ਅਹਿਸਾਸ ਤੋਂ ਘੱਟ ਨਹੀਂ ਹੁੰਦੀ। ਸਭ ਤੋਂ ਪਹਿਲਾਂ ਮਨੁੱਖ ਨੂੰ ਪਾਣੀ ਦੇ ਤੱਤਾਂ ਨੇ ਹੀ ਹੋਂਦ ਵਿਚ ਲਿਆਂਦਾ ਹੋਵੇਗਾ ਜਿੱਥੇ ਪਾਣੀ ਨਹੀਂ ਉੱਥੇ ਜੀਵਨ ਨਹੀਂ ਜਿੱਥੇ ਪਾਣੀ ਦਾ ਪੱਧਰ ਬਿਲਕੁਲ ਘੱਟ ਜਾਂਦਾ ਹੈ ਉੱਥੇ ਗੈਸਾਂ ਦੀ ਬਹੁਤਾਤ ਹੋਣ ਕਰਕੇ ਜਵਾਲਾ ਪੈਦਾ ਹੁੰਦੇ ਹਨ। ਪਾਣੀ ਦੇ ਘਟਦੇ ਪੱਧਰ ਨਾਲ ਗੈਸਾਂ ਦੀ ਬਹੁਤਾਤ ਧਰਤੀ ਨੂੰ ਨਸ਼ਟ ਕਰ ਦਿੰਦੀ ਹੈ।

ਵਧਦੀ ਜਨਸੰਖਿਆ ਅਤੇ ਵੱਖ-ਵੱਖ ਪਹਿਲੂਆਂ ਦੁਆਰਾ ਇਸ ਦਾ ਦੂਰ ਉਪਯੋਗ ਪਾਣੀ ਦਾ ਪੱਧਰ ਘੱਟ ਰਿਹਾ ਹੈ। ਪਾਣੀ ਦੀ ਵਰਤੋਂ ਜੀਵਨ ਦੇ ਹਰ ਪਹਿਲੂ ਵਿੱਚ ਕੀਤੀ ਜਾਂਦੀ ਹੈ। ਘਰੇਲੂ ਰਸੋਈ ਤੋਂ ਲੈ ਕੇ ਬਾਹਰੀ ਕਾਰਜਾਂ ਵਿੱਚ ਵੀ ਪਾਣੀ ਦੀ ਇੱਕ ਵਿਸ਼ੇਸ਼ ਮਹੱਤਤਾ ਹੈ। ਪਾਣੀ ਮਨੁੱਖ ਦੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਸਾਥ ਦਿੰਦਾ ਹੈ ਪਾਣੀ ਇੱਕ ਸੱਚਾ ਮਿੱਤਰ ਹੈ। ਪਾਣੀ ਹੀ ਭਗਵਾਨ ਦਾ ਦੂਸਰਾ ਰੂਪ ਹੈ। ਇਸ ਲਈ ਹੀ ਪਾਣੀ ਦੀ ਹੀ ਪੂਜਾ ਹੁੰਦੀ ਹੈ। ਵਿਗਿਆਨ ਤੋਂ ਲੈ ਕੇ ਧਾਰਮਿਕ ਘਰੇਲੂ ਸਮਾਜਿਕ ਵਿਹਾਰਿਕ ਕਾਰਜਾਂ ਸਮਾਗਮਾਂ ਵਿੱਚ ਪਾਣੀ ਦੀ ਵਿਸ਼ੇਸ਼ ਅਹਿਮੀਅਤ ਜੁਗਾਂ ਜੁੰਗਤਰਾਂ ਤੋਂ ਚਲਦੀ ਆ ਰਹੀ ਹੈ। ਖੇਤੀ ਕਾਇਨਾਤ ਤੋਂ ਮਨੁੱਖ ਦੀ ਖੂਬਸੂਰਤੀ ਲਈ ਪਾਣੀ ਦੀ ਮੁੱਖ ਭੂਮਿਕਾ ਹੈ।

ਜਲ ਸੰਸਾਧਨਾਂ ਦੇ ਨਿਯੋਜਨ, ਵਿਕਾਸ ਅਤੇ ਪ੍ਰਬੰਧਨ ਨੂੰ ਰਾਸ਼ਟਰੀਏ ਪੱਧਰ ਤੇ ਸੰਚਾਲਿਤ ਕਰਨ ਲਈ ਤੁਰੰਤ ਜ਼ਰੂਰਤ ਨੂੰ ਦੇਖਦੇ ਹੋਏ ਸੰਨ 1986 ਤੋਂ ਹੁਣ ਤਕ ਤਿੰਨ ਵਾਰ ਵੱਖ-ਵੱਖ ਜਲ ਵਿਸ਼ੇਸ਼ ਵਿਗਿਆਨੀਆਂ ਦੀ ਨਿਗਰਾਨੀ ਵਿੱਚ ਜਲ ਨੀਤੀ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਦੇਸ਼ ਦੀ ਪਹਿਲੀ ਜਲ ਨੀਤੀ ਸੰਨ 1986 ਵਿੱਚ ਅਤੇ ਦੂਸਰੀ ਸੰਨ 2002 ਵਿੱਚ ਲਾਗੂ ਕੀਤੀ ਗਈ। ਪਰ ਇੰਨ੍ਹਾਂ ਜਲ ਨੀਤੀਆਂ ਦੇ ਬਾਵਜੂਦ ਕਈ ਖਾਮੀਆਂ ਦੇ ਕਾਰਨ ਜਲ ਪੱਧਰ ਵਿੱਚ ਗਿਰਾਵਟ ਦਾ ਸਿਲਸਿਲਾ ਜਾਰੀ ਰਿਹਾ। ਨਦੀ ਨਾਲੇ ਸੁੱਕਣ ਕਾਰਨ, ਜਲ ਪ੍ਰਦੂਸ਼ਣ ਵਧਣ ਦੇ ਕਾਰਨ, ਪਹਾੜੀ ਨਦੀਆਂ ਵਿੱਚ ਗੰਦਲਾ ਰੋਹੜ ਹੋਣ ਕਰਕੇ, ਜਲ ਪ੍ਰਦੂਸ਼ਣ ਵੱਧਣ ਲੱਗ ਪਿਆ। ਭਾਰਤ ਦੀਆਂ ਪ੍ਰਸਿੱਧ ਨਦੀਆਂ ਵਿੱਚ ਗੰਦਗੀ ਸੁੱਟਣ ਕਰਕੇ, ਅਸਥੀਆਂ ਪ੍ਰਵਾਹਣ ਕਰਕੇ, ਧਾਰਮਿਕ ਰੀਤਾਂ ਰਿਵਾਜਾਂ ਕਰਕੇ, ਸ਼ਹਿਰੀ ਕੂੜਾ ਕਰਕਟ ਸੁੱਟਣ ਕਰਕੇ ਆਦਿ ਪਾਣੀਆਂ ਵਿੱਚ ਸੰਘਣੀ ਗੰਦਗੀ ਤੋਂ ਗਾਰ ਫੈਲਣੀ ਸ਼ੁਰੂ ਹੋ ਗਈ। ਇਸ ਕਰਕੇ ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਜਲ ਨੀਤੀ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤਾਂ ਕਿ ਨਦੀਆਂ ਨਾਲਿਆਂ ਦੇ ਜਲ ਦੇ ਗੰਦਲੇਪਨ ਨੂੰ ਰੋਕਣ ਲਈ ਜ਼ਿਆਦਾ ਤੋਂ ਜ਼ਿਆਦਾ ਜਲ ਸੰਯੋਜਨ ਕੀਤੇ ਜਾ ਸਕਣ। ਸੰਨ 2012 ਵਿੱਚ ਭਾਰਤ ਸਰਕਾਰ ਦੇ ਜਲ ਸੰਸਾਧਨ ਮੰਤਰਾਲੇ ਨੇ ਇੱਕ ਹੋਰ ਨਵੀਂ ਜਲ ਨੀਤੀ ਤਿਆਰ ਕੀਤੀ ਜਿਸ ਨੂੰ ਜਲ ਨੀਤੀ 2022 ਦਾ ਨਾਮ ਦਿੱਤਾ ਗਿਆ।

ਰਾਸ਼ਟਰੀਏ ਜਲਨੀਤੀ ਦੇ ਅਨੁਸਾਰ ਜਲ ਸੰਸਾਧਨਾਂ ਨਿਯੋਜਨ ਵਿਕਾਸ ਅਤੇਪ੍ਰਬੰਧਨ ਰਾਸ਼ਟਰੀ ਦ੍ਰਿਸ਼ਟੀ ਕੌਮ ਨਾਲ ਸੰਚਲਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕੇਂਦਰ ਅਤੇ ਰਾਜ ਪੱਧਰ ਦੀਆਂ ਏਜੰਸੀਆਂ ਇੱਕ ਸ਼ਕਤੀਸ਼ਾਲੀ ਨੈਟਵਰਕ ਦੀ ਭੂਮਿਕਾ ਨਿਭਾਉਣਾ। ਉਪਯੋਗੀ ਜਲ ਸੰਸਾਧਨਾਂ ਨੂੰ ਹੋਰ ਜ਼ਿਆਦਾ ਉੱਪਰ ਚੁੱਕਣ ਲਈ ਇੱਕ ਨਦੀ ਨੂੰ ਦੂਸਰੀ ਨਦੀ ਨਾਲ ਜੋੜਿਆ ਜਾਏ। ਸਮੁੰਦਿਰ ਜਲ ਦੇ ਖਾਰੇ ਪਾਣੀ ਨੂੰ ਦੂਰ ਕਰਨ ਲਈ ਵਿਧੀਆਂ ਦੇ ਨਾਲ-ਨਾਲ ਬਾਰਿਸ਼ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਮੁੱਖ ਪਾਣੀ ਦੇ ਯੋਗ ਬਣਾਇਆ ਜਾਏ। ਇਸ ਲਈ ਰਾਸ਼ਟਰੀ ਪੱਧਰ 'ਤੇ ਖੋਜ ਤੇ ਵਿਕਾਸ ਨੂੰ ਹੋਰ ਉਤਸ਼ਾਹਿਤ ਕਰਨ ਲਈ ਜ਼ਰੂਰਤ ਹੈ।

ਹਾਈਡ੍ਰੋਲਾਜੀਕਲ ਇਕਾਈ ਦੇ ਲਈ ਜਲ ਸੰਸਾਧਨ ਵਿਕਾਸ ਤੇ ਪ੍ਰਬੰਧਨ ਦੀ ਯੋਜਨਾ ਤਹਿਤ ਨਦੀਆਂ ਘਾਟੀਆਂ ਦੇ ਸੰਗਠਨਾਂ ਨੂੰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਜਿਸ ਜਗ੍ਹਾ ਤੇ ਪਾਣੀ ਦੀ ਕਮੀ ਹੈ ਉਸ ਇਲਾਕੇ ਨੂੰ ਨਦੀਆਂ ਨਾਲਿਆਂ ਨਾਲ ਜੋੜਿਆ ਜਾਵੇ। ਜਲ ਵੰਡ ਦੀ ਪ੍ਰਾਥਮਿਕਤਾ ਸਭ ਤੋਂ ਪਹਿਲਾਂ ਪੀਣ ਵਾਲੇ ਪਾਣੀ ਨੂੰ, ਫਿਰ ਸਿੰਚਾਈ, ਇਸਦੇ ਬਾਅਦ ਪਨ ਬਿਜਲੀ, ਖੇਤੀਬਾੜੀ ਅਤੇ ਗੈਰ ਉਦਯੋਗਾਂ ਆਦਿ ਨੂੰ ਕ੍ਰਮ ਵਿੱਚ ਕਰਨਾ ਚਾਹੀਦਾ ਹੈ। ਪਾਣੀ ਦੀ ਦੁਰ ਉਪਯੋਗਤਾ ਨੂੰ ਰੋਕਿਆ ਜਾਏ। ਪੁਨਰ ਸਥਾਪਿਤ ਤੇ ਪੁਨਰਵਾਸ ਤੋਂ ਯੋਜਨਾ ਮੰਤਰੀ ਨਾਲ ਕੰਮ ਕੀਤਾ ਜਾਏ ਤਾਂ ਕਿ ਇਸਦਾ ਲਾਭ ਪ੍ਰਭਾਵਿਤ ਲੋਕਾਂ ਨੂੰ ਵੀ ਮਿਲ ਸਕੇ। ਸਤਾ ਵਾਲੇ ਪਾਣੀ ਤੇ ਧਰਤੀ ਵਿਚਲੇ ਪਾਣੀ ਦੀ ਗੁਣਵੰਤਾ 'ਤੇ ਨਿਗਰਾਨੀ ਰੱਖੀ ਜਾਵੇ। ਦੂਸ਼ਿਤ ਪਾਣੀ ਨੂੰ ਪ੍ਰਕ੍ਰਿਤਿਕ ਪਾਣੀ ਵਿੱਚ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਏ। ਪਾਣੀ ਦੇ ਪੱਧਰ



ਬਲਵਿੰਦਰ 'ਬਾਲਮ',
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਲਈ, ਇਸਦੇ ਬਚਾਓ ਲਈ ਪ੍ਰਚਾਰ, ਪ੍ਰਸਾਰ, ਸਿੱਖਿਆ, ਦੰਡ ਅਤੇ ਮਾਨ ਸਨਮਾਨ ਦੀ ਜਰੀਏ ਜਲ ਬਚਾਓ ਚੇਤਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਧਰਤੀ ਵਿਚਲਾ ਪਾਣੀ ਮਿੱਠਾ ਹੁੰਦਾ ਹੈ, ਕਿਉਂਕਿ ਇਹ ਮਿੱਟੀ ਦੇ ਕਣਾਂ ਵਿੱਚ ਵਸਿਆ ਹੁੰਦਾ ਹੈ। ਇਹ ਗਰਭਿਤ ਪਾਣੀ ਹੁੰਦਾ ਹੈ।

(ਬੋਤਲ ਉਪਯੋਗ) ਬਾਟਲਿੰਗ ਪਲਾਂਟਸ ਦੁਆਰਾ ਪਾਣੀ ਦੀ ਜ਼ਿਆਦਾ ਖੱਪਤ ਕਰਕੇ ਵੀ ਬਹੁਤ ਸਾਰਾ (ਲੱਖ ਟਨ) ਪਾਣੀ ਫਜ਼ੂਲ ਹੀ ਜਾਂਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਦਾ ਪੱਧਰ ਇਸ ਕਰਕੇ ਠੀਕ ਹੈ, ਕਿ ਉੱਥੇ ਨਦੀਆਂ ਨਾਲਿਆਂ ਤੇ ਕੁਦਰਤੀ ਨਿਕਲਦੇ ਪਾਣੀਆਂ ਨੂੰ ਖੇਤੀ ਆਦਿ ਲਈ ਵਰਤਿਆ ਜਾਂਦਾ ਹੈ। ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਬਚਾਉਣ ਲਈ ਸਰਕਾਰਾਂ ਨੂੰ ਹੋਰ ਕਈ ਉਪਰਾਲੇ ਕਰਨੇ ਚਾਹੀਦੇ ਹਨ। ਬਾਰਿਸ਼ ਦੇ ਪਾਣੀ ਨੂੰ ਸੰਗ੍ਰਹਿ ਕਰਕੇ ਉਚਿਤ ਪ੍ਰਯੋਗ ਵਿੱਚ ਲਿਆਉਣਾ ਵੀ ਇੱਕ ਵਧੀਆ ਢੰਗ ਹੈ। ਪਾਣੀ ਦੀ ਸ਼ੁੱਧੀ ਲਈ ਕਈ ਤਰ੍ਹਾਂ ਦੇ ਪਰੰਪਰਾਵਾਦੀ ਅਤੇ ਆਧੁਨਿਕ ਪ੍ਰਯੋਗ ਸਾਰਥਿਕ ਸਿਧ ਹੋ ਸਕਦੇ ਹਨ।

ਭਾਰਤ ਦੇ ਸੇਮ ਵਾਲੇ ਇਲਾਕੇ, ਗੰਦਲੇ ਦਰਿਆਈ ਇਲਾਕੇ, ਕੱਲਰੀ ਇਲਾਕੇ, ਗੰਦਲੇ ਨਾਲੇ ਵਾਲੇ ਇਲਾਕੇ ਵਿੱਚ ਲੱਖਾਂ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਓਧਰ ਪਿਛੜੇ ਇਲਾਕਿਆਂ ਵਿੱਚ ਸਾਫ ਸੁਥਰੇ ਪਾਣੀ ਦੀ ਬਹੁਤ ਘਾਟ ਹੈ। ਵਿਸ਼ੇਸ਼ ਕਰਕੇ ਪੰਜਾਬ ਵਿੱਚ ਹੀ ਪਾਣੀ ਸ਼ੁੱਧ ਨਾ ਮਿਲਣ ਕਰਕੇ ਹਜ਼ਾਰਾਂ ਲੋਕ ਕੈਂਸਰ, ਗੁਰਦੇ ਦੇ ਰੋਗ, ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਸਰਕਾਰ ਵੱਲੋਂ ਹਸਪਤਾਲ ਤਾਂ ਖੋਲ੍ਹੇ ਜਾ ਰਹੇ ਹਨ ਪਰ ਪੀਣ ਵਾਲੇ ਪਾਣੀ ਦਾ ਹਾਲੇ ਤੱਕ ਮੁਕੰਮਲ ਸਹੀ ਯੋਜਨਾ ਬੰਦ ਖੋਜ ਪੂਰਵਕ ਢੰਗ ਨਾਲ ਹੱਲ ਨਹੀਂ ਲੱਭਿਆ ਜਾ ਸਕਿਆ। ਹਸਪਤਾਲਾਂ ਦੀ ਜਗ੍ਹਾ ਤੇ ਲੋਕਾਂ ਨੂੰ ਸ਼ੁੱਧ ਪਾਣੀ ਮਿਲੇ। ਸ਼ੁੱਧੀਕਰਨ ਵਾਲੀਆਂ ਪਾਣੀ ਦੀਆਂ ਟੈਂਕੀਆਂ ਦਾ ਹਰ ਪਿੰਡ ਵਿੱਚ ਪ੍ਰਬੰਧ ਹੋਵੇ। ਹੋਰ ਤਾਂ ਹੋਰ ਪਾਣੀ ਫਿਲਟਰ ਕਰਨ ਵਾਲੇ ਉਪਕਰਣ ਸਸਤੇ ਰੇਟਾਂ ਤੇ ਘਰ-ਘਰ ਮੁਹਈਆ ਕਰਵਾਏ ਜਾਣ।

ਭੌਤਿਕ ਮਾਪ ਦੇ ਅਨੁਸਾਰ ਪਾਣੀ ਵਾਲੇ ਸਾਫ਼ ਪਾਣੀ ਸ਼ੀਤਲ ਗੰਧ ਰਹਿਤ ਹੋਣਾ ਚਾਹੀਦਾ ਹੈ। ਜੈਵਿਕ ਮਾਪ ਦੇ ਅਨੁਸਾਰ ਸ਼ੁੱਧ ਪਾਣੀ ਵਾਲੇ ਪਾਣੀ ਵਿੱਚ ਕੋਈ ਗੰਧਿਲਾ ਤੱਤ ਨਹੀਂ ਹੋਣਾ ਚਾਹੀਦਾ। ਕੋਲੀਫਾਰਮ ਫੈਕਟੀਰੀਆ 10 ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ।

ਅਸ਼ੁੱਧ ਪਾਣੀ ਵਿੱਚ ਕੈਲਸ਼ੀਅਮ, ਸਲਫ਼ੇਟ, ਲੋਹਾ, ਮੈਗਨੀਜ, ਤਾਂਬਾ, ਜ਼ਿੰਕ, ਸ਼ੀਸ਼ਾ, ਕੈਡੀਸ਼ੀਆ, ਪਾਰਾ ਅਤੇ ਹੋਰ ਰਸਾਇਣਿਕ ਪਦਾਰਥ ਆਦਿ ਪਾਏ ਜਾਂਦੇ ਹਨ। ਜੇਕਰ ਕੋਈ ਰੋਗ ਫੈਲਦਾ ਹੈ ਉਸਦੇ ਰੋਗਾਣੂ ਪਾਣੀ ਵਿੱਚ ਘੁੱਲ ਕੇ ਬਿਮਾਰੀਆਂ ਫੈਲਾਉਂਦੇ ਹਨ।

ਖੂਹਾਂ, ਤਲਾਬਾਂ, ਨਾਲਿਆਂ, ਬੋਲੀਆਂ ਆਦਿ ਨਹਿਰੀ ਕਿਸਮ ਦੇ ਪਾਣੀ ਗੰਦਲੇ ਹੋਣ ਕਰਕੇ ਸਾਫ਼ ਸੁਥਰੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦੇ ਹਨ।

ਭਵਿੱਖ ਨੂੰ ਖਤਰਨਾਕ ਭੌਤਿਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਪਵੇਗਾ ਤੇ ਹੋਣਾ ਪੈ ਰਿਹਾ ਹੈ। ਭਾਰਤ ਸਰਕਾਰ ਅਤੇ ਰਾਜ ਸਰਕਾਰ ਕਈ ਸ਼ੁੱਧ ਜਲ ਯੋਜਨਾਵਾਂ ਚਲਾ ਰਹੀਆਂ ਹਨ ਪਰ ਵੱਡੇ ਪੱਧਰ ਦਾ ਖਰਚਾ ਆਉਣ ਕਰਕੇ ਅਧੂਰੀਆਂ ਹਨ।

ਭਾਰਤ ਜਲਵਾਯੂ ਦੀ ਦ੍ਰਿਸ਼ਟੀ ਨਾਲ ਮਾਨਸੂਨੀ ਪ੍ਰਦੇਸ਼ ਹੋਣ ਕਰਕੇ ਸਾਲ ਦੇ ਤਿੰਨ ਜਾਂ ਚਾਰ ਮਹੀਨੇ ਹੀ ਬਾਰਿਸ਼ ਹੁੰਦੀ ਹੈ।

ਬਾਕੀ ਦੇ ਮਹੀਨੇ ਬਾਰਿਸ਼ ਨਾ ਹੋਣ ਕਰਕੇ ਬਹੁਤ ਸਾਰੇ ਭਾਗਾਂ ਵਿੱਚ ਧਰਾਤਲੀਏ ਜਲ ਦੀ ਕਮੀ ਰਹਿੰਦੀ ਹੈ। ਭਾਰੀ ਬਾਰਿਸ਼ ਵਾਲੇ ਇਲਾਕਿਆਂ ਵਿੱਚ ਵੀ ਖੁਸ਼ਕ ਮਹੀਨਿਆਂ ਵਿੱਚ ਪਾਣੀ ਦੀ ਕਮੀ ਰਹਿੰਦੀ ਹੈ।

ਉੱਤਰ ਦੇ ਤਟੀਏ (ਕਿਨਾਰੇ) ਮੈਦਾਨਾਂ ਵਿੱਚ ਭੂਮੀਗਤ ਪਾਣੀ ਦੇ ਵਿਸ਼ਾਲ ਭੰਡਾਰ ਪਾਏ ਜਾਂਦੇ ਹਨ, ਦੇਸ਼ ਦੇ ਦੂਸਰੇ ਭਾਗਾਂ ਵਿੱਚ ਪਾਣੀ ਦੀ ਬਹੁਤ ਕਮੀ ਪਾਈ ਜਾਂਦੀ ਹੈ। ਅਜੇ ਤੱਕ ਦੇਸ਼ ਦੇ ਹਰ ਇੱਕ ਪਿੰਡ ਵਿੱਚ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਵਿਵਸਥਾ ਨਹੀਂ ਹੋ ਪਾਈ ਹੈ।

ਦੇਸ਼ ਵਿੱਚ ਅੱਜ ਵੀ ਲੋਕਾਂ ਨੂੰ ਇੱਕ ਕਿਲੋਮੀਟਰ ਤੋਂ ਵੱਧ ਪੈਦਲ ਚੱਲ ਕੇ ਪਾਣੀ ਲਿਆਉਣਾ ਪੈਂਦਾ ਹੈ। ਸੰਪੂਰਨ ਜਲ ਸੰਸਾਧਨ ਦਾ ਅਧਿਐਨ, ਅਨੇਕ ਦ੍ਰਿਸ਼ਟੀਕੋਣ, ਜਿਸ ਵਿੱਚ ਨਦੀ, ਨਾਲੇ, ਨਿਕਾਸ ਪ੍ਰਣਾਲੀ, ਹੜ੍ਹ ਔੜ ਦੀ ਸਮੱਸਿਆ ਸਿੰਚਾਈ ਪਰੀਯੋਜਨਾ ਆਦਿ ਦੀ ਸਖ਼ਤ ਜ਼ਰੂਰਤ ਹੈ।

ਧਰਤੀ ਉੱਪਰ ਜਲ ਨਿਕਾਸ ਦਾ ਬਹੁਤ ਮਹੱਤਵ ਹੈ। ਉਚਿਆਂ ਭਾਗਾਂ ਵਿੱਚ ਹੇਠਲੇ ਭਾਗਾਂ ਨੂੰ ਜਾਂਦੇ ਪਾਣੀ ਦਾ ਸੁਚੱਜਾ ਪ੍ਰਬੰਧ ਖੇਤੀ ਵਿਓਪਾਰ, ਧਾਰਮਿਕ ਪੂਜਾ ਤੇ ਇਲਾਕਾ ਪ੍ਰਬੰਧਨ ਤੇ ਨਿਯੋਜਨ ਵਿੱਚ ਨਦੀਆਂ ਦੀ ਭਰਪੂਰ ਉਪਯੋਗਤਾ ਹੈ। ਭਾਰਤੀ ਜਲ ਨਿਕਾਸ ਪ੍ਰਣਾਲੀ ਨੇ ਕਈ ਉਦਮ ਜਾਰੀ ਰੱਖੇ ਹੋਏ ਹਨ।

ਪੰਜਾਬ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਭਾਗਾਂ ਵਿੱਚ ਸਮਤਲ ਭੂਮੀ ਹੋਣ ਦੇ ਕਾਰਣ ਵਿਕਾਸ ਕਾਰਜ (ਨਵੀਆਂ ਸੜਕਾਂ, ਰੇਲ ਤੇ ਨਹਿਰੀ ਮਾਰਗ) ਦੇ ਕਾਰਨ ਫਾਲਤੂ ਪਾਣੀ ਦਾ ਨਿਕਾਸ ਪੂਰੀ ਤਰ੍ਹਾਂ ਨਾਲ ਨਹੀਂ ਹੋ ਸਕਿਆ।

ਭਾਰਤ ਸਰਕਾਰ ਨੇ 1954 ਵਿੱਚ ਹੜ੍ਹਾਂ ਤੇ ਕਾਬੂ ਪਾਉਣ ਲਈ ਰਾਸ਼ਟਰੀਏ ਹੜ੍ਹ ਆਯੋਗ ਦੀ ਸਥਾਪਨਾ ਕੀਤੀ ਸੀ ਹੜ੍ਹਾਂ ਨਾਲ ਨਿਪਟਣ ਲਈ ਤਿੰਨ ਪੱਧਰੀ ਯੋਜਨਾ ਪ੍ਰਸਤੁਤ ਕੀਤੀ ਸੀ ਜਿਸ ਵਿੱਚ ਦਰਿਆਈ ਕਿਨਾਰੇ ਪੱਕੇ ਕਰਨਾ, ਦਰਿਆਈ ਮਾਰਗਾਂ ਨੂੰ ਵੰਡਣਾ, ਉੱਚੇ ਚਬੂਤਰੇ ਬਣਾਉਣਾ, ਪੌਦੇ ਲਗਾਉਣਾ, ਹੜ੍ਹ ਵਾਲੇ ਇਲਾਕਿਆਂ ਦਾ ਨਿਰਧਾਰਣ, ਹੜ੍ਹ ਸੁਰੱਖਿਆ ਅਤੇ ਭਵਿੱਖ ਬਾਣੀ ਦੇ ਸੰਕੇਤ ਦੇਣਾ ਤੇ ਢਲਾਣਾਂ ਉੱਪਰ ਬੰਨ੍ਹ ਆਦਿ ਢੰਗ ਅਪਣਾਏ ਗਏ।

ਦੇਖਿਆ ਜਾਏ ਤਾਂ ਖਾਸ ਕਰਕੇ ਏਸ਼ੀਅਨ ਦੇਸ਼ਾਂ ਵਿੱਚ ਹੀ ਪਾਣੀ ਦੀਆਂ ਜ਼ਿਆਦਾ ਸਮੱਸਿਆਵਾਂ ਹਨ। ਖ਼ਾਸ ਕਰਕੇ ਭਾਰਤ ਵਿੱਚ ਗੰਧਲੇ ਪਾਣੀ ਦਾ ਪ੍ਰਦੂਸ਼ਣ ਲਗਾਤਾਰ ਵਧਦਾ ਜਾ ਰਿਹਾ ਹੈ। ਘਰਾਂ, ਪਿੰਡਾਂ, ਸ਼ਹਿਰਾਂ ਦੀਆਂ ਗਲੀਆਂ ਨਾਲੀਆਂ ਦੁਕਾਨਾਂ ਆਦਿ ਦਾ ਕੂੜਾ ਕਰਕਟ, ਨਦੀ ਨਾਲਿਆਂ ਵਿੱਚ ਪ੍ਰਵੇਸ਼ ਕਰਦਾ ਹੈ। ਸੇਮ ਦੇ ਇਲਾਕੇ ਜਾਂ ਗੰਦੇ ਨਾਲਿਆਂ ਵਿੱਚ ਤਰ੍ਹਾਂ-ਤਰ੍ਹਾਂ ਦੇ ਪੰਛੀ ਜਾਨਵਰ ਮਰ ਜਾਂਦੇ ਹਨ ਜੋ ਗੰਧਲੇ ਪਾਣੀ ਵਿੱਚ ਹੀ ਗਲ ਸੜ੍ਹ ਕੇ ਬਦਬੂਆਂ ਮਾਰਦੇ ਰਹਿੰਦੇ ਹਨ।

ਭਾਰਤੀ ਲੋਕਾਂ ਉੱਪਰ ਮੌਕੇ ਤੇ ਤੁਰੰਤ ਫ਼ੈਸਲੇ ਵਾਲਾ ਕਾਨੂੰਨ ਲਾਗੂ ਨਹੀਂ ਹੁੰਦਾ ਹਰ ਵਿਅਕਤੀ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਨਜ਼ਰ ਆਉਂਦਾ ਹੈ ਇਸ ਲਈ ਪਾਣੀ ਦੀ ਸ਼ੁੱਧਤਾ ਲਈ ਕੋਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

ਭਾਰਤ ਸਰਕਾਰ ਨੇ 1974 ਵਿੱਚ ਕਾਨੂੰਨ ਬਣਾਇਆ ਸੀ ਕਿ ਗੰਦਾ ਪਾਣੀ ਨਦੀ ਨਾਲਿਆਂ ਵਿੱਚ ਨਹੀਂ ਸੁੱਟਿਆ ਜਾਏਗਾ ਪਰ ਇਸ ਕਾਨੂੰਨ ਦੀ ਕੌਣ ਪ੍ਰਵਾਹ ਕਰਦਾ ਹੈ? ਅੱਜ ਭਾਰਤ ਦੇ ਸ਼ਹਿਰ-ਸ਼ਹਿਰ ਪਿੰਡ-ਪਿੰਡ ਵਿੱਚ ਪਾਣੀ ਦੇ ਨਿਕਾਸ, ਸ਼ੁੱਧ ਪਾਣੀ ਅਤੇ ਪਾਣੀ ਦੇ ਘਟਦੇ ਪੱਧਰ ਨੂੰ ਸ਼ਕਤੀ ਨਾਲ ਸੁਧਾਰਨ ਦੀ ਜ਼ਰੂਰਤ ਹੈ।

# ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੀ ਲਗਾਤਾਰ ਕਾਸ਼ਤ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ

## ਸਾਉਣੀ ਦੀਆਂ ਮੁੱਖ ਫ਼ਸਲਾਂ ਵਿੱਚ ਲਘੂ ਤੱਤਾਂ ਦੀ ਘਾਟ ਅਤੇ ਪਛਾਣ

ਪੰਜਾਬ ਵਿੱਚ ਫ਼ਸਲੀ ਘਣਤਾ ਦੇ ਵੱਧਣ ਕਰ ਕੇ ਅਤੇ ਵਧਰੇ ਝਾੜ ਦੇਣ ਵਾਲੀਆਂ ਕਿਸਮਾਂ ਦੀ ਲਗਾਤਾਰ ਕਾਸ਼ਤ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ । ਇੱਕ ਸਾਲ ਵਿੱਚ 2 ਜਾਂ 3 ਫ਼ਸਲਾਂ ਲੈਣ ਲਈ ਜ਼ਿਆਦਾਤਰ ਕਿਸਾਨ ਰਸਾਇਣਕ ਖਾਦਾਂ ਜਿਵੇਂ ਕਿ ਯੂਰੀਆ, ਡੀ. ਏ. ਪੀ. ਅਤੇ ਪੋਟਾਸ਼ ਦੀ ਵਰਤੋਂ ਕਰਦੇ ਹਨ । ਜਿਹੜੀਆਂ ਜ਼ਮੀਨਾਂ ਵਿੱਚ ਲਗਾਤਾਰ ਇੱਕੋ ਕਿਸਮ ਦੀਆਂ ਰਸਾਇਣ ਖਾਦਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਲਘੂ ਤੱਤਾਂ (ਜ਼ਿੰਕ, ਲੋਹਾ, ਮੈਗਜ਼ੀਨ ਅਤੇ ਤਾਂਬਾ ਆਦਿ) ਦੀ ਘਾਟ ਆ ਜਾਂਦੀ ਹੈ, ਜਿਸ ਵਿੱਚ ਸਿੱਧਾ ਅਸਰ ਪੈਦਾਵਾਰ ਤੇ ਪੈਂਦਾ ਹੈ । ਕਿਸੇ ਇੱਕ ਤੱਤ ਦੀ ਜ਼ਮੀਨ ਵਿੱਚ ਵੱਧ ਮਾਤਰਾ, ਕਿਸੇ ਦੂਜੇ ਤੱਤ ਦੀ ਘਾਟ ਨੂੰ ਪੂਰਾ ਨਹੀਂ ਕਰ ਸਕਦੀ । ਇਸ ਲਈ ਹਰ ਤੱਤ ਦੇ ਸਹੀ



ਮਾਤਰਾ ਵਿੱਚ ਜ਼ਮੀਨ ਵਿੱਚ ਹੋਣ ਨਾਲ ਹੀ ਫ਼ਸਲਾਂ ਤੋਂ ਪੂਰਾ ਝਾੜ ਲਿਆ ਜਾ ਸਕਦਾ ਹੈ । ਸਾਉਣੀ ਦੀਆਂ ਮੁੱਖ ਫ਼ਸਲਾਂ ਵਿੱਚ ਜ਼ਿੰਕ ਅਤੇ ਲੋਹੇ ਦੀ ਘਾਟ ਆਮ ਦੇਖਣ ਵਿੱਚ ਆਉਂਦੀ ਹੈ, ਜਿਸ ਦੀ ਸਮੇਂ ਸਿਰ ਪਛਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ ।

**ਝੋਨੇ ਵਿੱਚ ਲਘੂ ਤੱਤਾਂ ਦੀ ਘਾਟ**

ਝੋਨੇ ਵਿੱਚ ਜ਼ਿੰਕ ਦੀ ਘਾਟ ਆਉਣ 'ਤੇ ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ । ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ । ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ । ਜ਼ਿੰਕ ਦੀ ਪੂਰਤੀ ਲਈ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਪ੍ਰਤੀ ਏਕੜ ਦੇ ਹਿਸਾਬ ਨਾਲ ਛੱਟਾ ਦੇਣਾ ਚਾਹੀਦਾ ਹੈ । ਜੇਕਰ ਬੀਜੀ ਫ਼ਸਲ ਵਿੱਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ ਜ਼ਿੰਕ ਸਲਫੇਟ ਖੇਤ ਵਿੱਚ ਛੱਟੇ ਨਾਲ ਪਾ ਦਿਓ । ਬਹੁਤ ਮਾੜੀਆਂ ਜ਼ਮੀਨਾਂ ਵਿੱਚ ਜ਼ਿੰਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੌੜੀਆਂ ਵਿੱਚ ਨਜ਼ਰ ਆਉਂਦੀ ਹੈ । ਅਜਿਹੀ ਹਾਲਾਤ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਨੂੰ ਏਨੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੇ ਥਾਵਾਂ ਵਿੱਚ ਖਿਲਾਰ ਦੇਣਾ ਚਾਹੀਦਾ ਹੈ ।

ਝੋਨੇ ਦੀ ਸਿੱਧੀ ਬਿਜਾਈ ਅਤੇ ਪਨੀਰੀ ਲਾਉਣ ਤੋਂ ਕੁਝ ਦਿਨਾਂ ਬਾਅਦ ਵਿੱਚ ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਅਕਸਰ ਹੀ ਲੋਹੇ ਦੀ ਘਾਟ ਦੇਖਣ ਵਿੱਚ ਆਉਂਦੀ ਹੈ, ਜਿਸ ਨਾਲ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਕੇ ਮਰ ਜਾਂਦੇ ਹਨ ਅਤੇ ਕਈ ਵਾਰ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ । ਜਦੋਂ ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਓ । ਲੋਹੇ ਦੀ ਪੂਰਤੀ ਲਈ ਫੈਰਸ ਸਲਫੇਟ ਦੇ 1.0 ਫ਼ੀਸਦੀ ਘੋਲ ਦਾ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਸ ਮਾਤਰਾ ਦੇ ਦੋ-ਤਿੰਨ ਛਿੜਕਾਅ, ਹਫ਼ਤੇ-ਹਫ਼ਤੇ ਦੇ ਵਕਫੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ । ਇੱਥੇ ਇਹ ਗੱਲ ਵੀ ਧਿਆਨ ਯੋਗ ਹੈ ਕਿ ਇਸ ਦੀ ਵਰਤੋਂ ਕਦੇ ਵੀ ਸਿੱਧੀ ਜ਼ਮੀਨ ਵਿੱਚ ਨਹੀਂ ਕਰਨੀ ਚਾਹੀਦੀ, ਸਿਰਫ਼ ਛਿੜਕਾਅ ਹੀ ਕਰਨੇ ਚਾਹੀਦੇ ਹਨ ।

**ਮੱਕੀ ਵਿੱਚ ਜ਼ਿੰਕ ਦੀ ਘਾਟ**

ਮੱਕੀ ਵਿੱਚ ਬਿਜਾਈ ਤੋਂ ਲਗਭਗ 2 ਹਫ਼ਤਿਆਂ ਬਾਅਦ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਦਿਸਣ ਲੱਗ ਜਾਂਦੀਆਂ ਹਨ । ਜ਼ਿੰਕ ਦੀ ਘਾਟ ਆਉਣ 'ਤੇ ਪੌਦੇ ਦੇ ਸਿਰੇ ਤੋਂ ਹਰੇਕ ਪਾਸੇ ਉਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਚਿੱਟੇ ਪੀਲ਼ੇ ਧੱਬੇ ਪੈ ਜਾਂਦੇ ਹਨ । ਜ਼ਿੰਕ ਦੀ ਘਾਟ ਆਉਣ



'ਤੇ ਪੌਦੇ ਦੇ ਸਿਰੇ ਤੋਂ ਹਰੇਕ ਪਾਸੇ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਚਿੱਟੇ-ਪੀਲੇ ਧੱਬੇ ਪੈ ਜਾਂਦੇ ਹਨ ਅਤੇ ਮੁੱਖ ਨਾੜ ਦੇ ਦੋਹੀਂ ਪਾਸੀਂ ਲਾਲ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ।

ਬੂਟੇ ਮੱਧਰੇ ਰਹਿੰਦੇ ਹਨ ਅਤੇ ਤਣੇ ਦੀਆਂ ਗੰਢਾਂ ਨੇੜੇ-ਤੇੜੇ ਪੈਂਦੀਆਂ ਹਨ । ਜੇਕਰ ਜ਼ਿੰਕ ਦੀ ਘਾਟ ਮੱਕੀ ਤੋਂ ਪਹਿਲੀ ਫ਼ਸਲ ਵਿੱਚ ਨਜ਼ਰ ਆਈ ਹੋਵੇ ਤਾਂ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪੇਟਾਹਾਈਡ੍ਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਮਿਲਾ ਦਿਓ । ਜੇਕਰ ਜ਼ਿੰਕ ਸਲਫੇਟ ਦੀ ਵਰਤੋਂ ਬਿਜਾਈ ਸਮੇਂ ਨਾ ਕੀਤੀ ਗਈ ਹੋਵੇ ਅਤੇ ਮੱਕੀ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਇੰਨੀ ਹੀ ਮਿੱਟੀ ਵਿੱਚ ਮਿਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾ ਦਿਓ 'ਤੇ ਗੋਡੀ ਕਰ ਕੇ ਮਿੱਟੀ ਵਿੱਚ ਮਿਲਾ ਦਿਓ ਅਤੇ ਬਾਅਦ ਵਿੱਚ ਫ਼ਸਲ ਨੂੰ ਪਾਣੀ ਦਿਓ ।

**ਕਮਾਦ ਵਿੱਚ ਲੋਹੇ ਦੀ ਘਾਟ**

ਕਮਾਦ ਵਿੱਚ ਲੋਹੇ ਦੀ ਘਾਟ ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਦੇਖਣ ਵਿੱਚ ਆਉਂਦੀ ਹੈ । ਲੋਹੇ ਦੀ ਘਾਟ ਆਉਣ ਤੋਂ ਨਵੇਂ ਪੱਤਿਆਂ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਬਾਅਦ ਵਿੱਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ



ਹਨ । ਲੋਹੇ ਦੀ ਪੂਰਤੀ ਲਈ ਫੈਰਸ ਸਲਫੇਟ ਦੇ 1.0 ਫ਼ੀਸਦੀ ਘੋਲ ਦੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਸ ਮਾਤਰਾ ਦੇ ਦੋ-ਤਿੰਨ ਛਿੜਕਾਅ, ਹਫ਼ਤੇ-ਹਫ਼ਤੇ ਦੇ ਵਕਫੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ ।

**ਮੂੰਗਫਲੀ ਵਿੱਚ ਜ਼ਿੰਕ ਦੀ ਘਾਟ**

ਮੂੰਗਫਲੀ ਵਿੱਚ ਜ਼ਿੰਕ ਦੀ ਘਾਟ ਆਉਣ 'ਤੇ ਪੌਦੇ ਦੇ ਉਪਰਲੇ ਅੱਧੇ ਹਿੱਸੇ ਦੇ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ ਅਤੇ ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ ਸਮੇਂ ਸਿਰ ਇਲਾਜ ਨਾ ਕਰਨ ਕਾਰਨ, ਪੌਦਾ ਪੂਰਾ ਵੱਧਦਾ-ਫੁੱਲਦਾ ਨਹੀਂ ਅਤੇ ਗਿਰੀਆਂ ਸੁੰਗੜ ਜਾਂਦੀਆਂ ਹਨ । ਜ਼ਿੰਕ ਦੀ ਪੂਰਤੀ ਲਈ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਪ੍ਰਤੀ ਏਕੜ ਪਾਓ । ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ ।

*ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ*

# ਮੱਕੀ ਨੂੰ ਸੁਕਾਓ ਅਤੇ ਵਧੀਆ ਮੁੱਲ ਪਾਓ

ਸੁਰਿੰਦਰ ਸੰਧੂ ਅਤੇ ਮਹੇਸ਼ ਕੁਮਾਰ,
ਮੱਕੀ ਸੈਕਸ਼ਨ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 81462-38432)

ਪੰਜਾਬ ਦਾ ਵਾਤਾਵਰਨ ਅਤੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ਪੰਜਾਬ ਸਰਕਾਰ ਤੇ ਹੋਰ ਸਾਰੇ ਸੁਝਵਾਨ ਅਦਾਰੇ ਝੋਨੇ ਹੇਠੋਂ ਕੁਝ ਰਕਬਾ ਘਟਾ ਕੇ ਮੱਕੀ ਥੱਲੇ ਲਿਆਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਹਨ । ਮੱਕੀ ਝੋਨੇ ਨਾਲੋਂ ਘੱਟ ਪਾਣੀ ਲੈਂਦੀ ਹੈ ਅਤੇ ਇਸ ਦੀ ਰਹਿੰਦ ਖੂੰਹਦ ਜ਼ਮੀਨ ਵਿੱਚ ਜਲਦੀ ਗਲ ਜਾਂਦੀ ਹੈ । 'ਸੁੱਕਾ ਮੱਕੀ ਦਾ ਦਾਣਾ, ਸੋਨੇ ਦਾ ਖਜ਼ਾਨਾ' -ਇਹ ਸਾਧਾਰਨ ਕਹਾਵਤ ਅੱਜ ਕਲ ਮੱਕੀ ਦੀ ਕਟਾਈ ਵਿੱਚ ਰੁਝੇ ਕਿਸਾਨਾਂ ਨੂੰ ਇੱਕ ਵੱਡਾ ਸੰਦੇਸ਼ ਹੈ । ਮੱਕੀ ਨੂੰ ਸੰਭਾਲਣਾ ਉਨ੍ਹਾਂ ਹੀ ਮਹੱਤਵਪੂਰਨ ਹੈ ਜਿੰਨਾ ਫ਼ਸਲ ਨੂੰ ਪਾਲ ਪੋਸ ਕੇ ਵੱਡਾ ਕਰਨਾ ।

★ ਮੱਕੀ ਦੀ ਕਟਾਈ ਉਸ ਸਮੇਂ ਕਰ ਲਉ ਜਦੋਂ ਛੱਲੀਆਂ ਦੇ ਖੱਗੇ ਸੁੱਕ ਕੇ ਭੂਰੇ ਹੋ ਜਾਣ । ਇਸ ਸਮੇਂ ਟਾਂਡੇ ਅਤੇ ਪੱਤੇ ਕੁਝ ਹਰੇ ਹੀ ਰਹਿ ਜਾਂਦੇ ਹਨ ।

★ ਤਾਜ਼ੀ ਕੱਟੀ ਹੋਈ ਮੱਕੀ ਵਿੱਚ 20 ਪ੍ਰਤੀਸ਼ਤ ਤੋਂ ਵੱਧ ਨਮੀਂ ਹੁੰਦੀ ਹੈ ਅਤੇ ਜੇ ਇਸੇ ਤਰ੍ਹਾਂ ਫ਼ਸਲ ਸਿੱਧਾ ਮੰਡੀ ਵਿੱਚ ਲੈ ਜਾਈਏ ਤਾਂ



ਆੜਤੀਏ ਵੱਡੀ ਕਾਟ ਕੱਟ ਲੈਂਦੇ ਹਨ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਘੱਟ ਮੁੱਲ ਮਿਲਦਾ ਹੈ ।

★ ਛੱਲੀਆਂ ਦੇ ਪਰਦੇ ਲਾਹੁਣ ਅਤੇ ਦਾਣੇ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕਰੋ, ਜਿਸ ਨਾਲ ਪਰਦਿਆਂ ਸਮੇਤ ਛੱਲੀਆਂ ਵਿੱਚੋਂ ਦਾਣੇ ਕੱਢੇ ਜਾ ਸਕਦੇ ਹਨ ।

★ ਛੱਲੀਆਂ ਨੂੰ ਕੁਦਰਤੀ ਤੌਰ ਤੇ ਜਾਂ ਮਸ਼ੀਨਾਂ ਰਾਹੀਂ ਵੀ ਸੁਕਾਇਆ ਜਾ ਸਕਦਾ ਹੈ ।

★ ਮੱਕੀ ਨੂੰ ਸੁਕਾਉਣ ਲਈ ਡ੍ਰਾਇਰ ਕਈ ਮੰਡੀਆਂ ਵਿੱਚ ਉਪਲਬਧ ਹਨ । ਸੁਕੇ ਹੋਏ ਦਾਣਿਆਂ ਦਾ ਮੱਕੀ ਵਿੱਚ ਚੰਗਾ ਮੁੱਲ ਮਿਲਦਾ ਹੈ ।

ਪੂਰੀ ਤਰ੍ਹਾਂ ਮੱਕੀ ਨਾ ਸੁਕਾਉਣ ਦਾ ਇੱਕ ਹੋਰ ਵੱਡਾ ਕਾਰਨ ਅਫਲਾਟੋਕਸਿਨ ਦਾ ਜ਼ੋਖਮ ਹੈ । ਗਿੱਲੀ ਮੱਕੀ ਤੋਂ ਇਹ ਉੱਲੀ ਘਾਤਕ ਜ਼ਹਿਰ ਪੈਦਾ ਕਰਦੀ ਹੈ ਜਿਸ ਨਾਲ ਇਨਸਾਨਾਂ ਅਤੇ ਪਸ਼ੂਆਂ ਵਿੱਚ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ । ਦੂਸ਼ਿਤ ਮੱਕੀ ਫੀਡ ਉਦਯੋਗ ਲਈ ਨੁਕਸਾਨਦਾਇਕ ਹੈ । ਜਦੋਂ ਨਮੀਂ ਅਤੇ ਸੰਕ੍ਰਮਿਤ ਮੱਕੀ ਦੀ ਵਰਤੋਂ ਬਾਇਓਇਥਨੋਲ ਦੇ ਉਤਪਾਦਨ ਲਈ ਕੀਤੀ ਜਾਂਦੀ ਹੈ, ਤਾਂ ਇਸ ਦਾ ਉਪ-ਉਤਪਾਦ DDGS (Distillers Dired Grains with Solubles) ਪੋਲਟਰੀ ਅਤੇ ਪਸ਼ੂਆਂ ਦੇ ਭੋਜਨ ਲਈ ਖਤਰਨਾਕ ਹੁੰਦਾ ਹੈ । ਇਹ ਨਾ ਸਿਰਫ਼ ਆਰਥਿਕ ਨੁਕਸਾਨ ਦਾ ਕਾਰਨ ਬਣਦਾ ਹੈ ਬਲਕਿ ਖਾਣ ਪੀਣ ਦੀ ਸੁਰੱਖਿਆ ਲਈ ਵੀ ਖਤਰਾ ਪੈਦਾ ਕਰਦਾ ਹੈ । ਜਦੋਂ ਦਾਣਿਆਂ ਵਿੱਚ ਨਮੀਂ ਦੀ ਮਾਤਰਾ ਲਗਭਗ 13-14 ਪ੍ਰਤੀਸ਼ਤ ਤੱਕ ਰਹਿ ਜਾਵੇ ਉਦੋਂ ਹੀ ਮੰਡੀ ਵਿੱਚ ਲੈ ਕੇ ਜਾਵੋ । ਅੱਜ ਤੱਕ ਸਸਤੇ ਨਮੀਂ ਮੀਟਰ ਉਪਲਬਧ ਹਨ ਅਤੇ ਇਹ ਮੀਟਰ ਕਿਸਾਨਾਂ ਨੂੰ ਨਮੀਂ ਦੀ ਮਾਤਰਾ ਯਕੀਨੀ ਬਣਾਉਣ ਲਈ ਮਦਦ ਕਰ ਸਕਦੇ ਹਨ । ਮੱਕੀ ਨੂੰ ਸਟੋਰ ਕਰਨ ਲਈ ਸਾਫ ਥੈਲੇ ਵਰਤੋਂ ਅਤੇ ਇਹਨਾਂ ਥੈਲਿਆਂ ਨੂੰ ਸੁੱਕੀ ਅਤੇ ਹਵਾਦਾਰ ਜਗਾਂ ਵਿੱਚ ਸਿੱਲੇ ਫਰਸ਼ਾਂ ਅਤੇ ਕੰਧਾਂ ਤੋਂ ਦੂਰ ਰੱਖੋ ।

'ਦਾਣੇ ਦਾਣੇ ਨੂੰ ਧੁੱਪ ਲਵਾਓ,
ਗਿੱਲ ਦੇ ਹੱਥੂ ਮੁੱਢੋ ਮਕਾਓ'

# ਬਦਲਦੇ ਮੌਸਮ ’ਚ ਜ਼ਰੂਰੀ ਹੈ ਸਾਵਧਾਨੀ

**ਆਪਕਾ ਸਵਾਸਥਯ ਆਪਕੀ ਸਬ ਸੇ ਬੜੀ ਧਰੋਹਰ ਹੈ । ਇਸ ਕਾ ਅਹਿਸਾਸ ਤਬ ਹੋਤਾ ਹੈ ਜਬ ਹਮ ਇਸੇ ਖੋ ਦੇਤੇਂ ਹੈ ॥**

ਬਦਲਦੇ ਮੌਸਮ ਦੇ ਉਤਰਾਅ-ਚੜ੍ਹਾਅ ਨੂੰ ਹਲਕੇ 'ਚ ਨਾ ਲਓ । ਇਨ੍ਹੀਂ ਦਿਨ੍ਹੀਂ ਮੌਸਮ 'ਚ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ । ਦਿਨ 'ਚ ਮੌਸਮ ਆਮ ਵਰਗਾ ਹੈ ਤਾਂ ਰਾਤ ਅਤੇ ਸਵੇਰ ਦੇ ਸਮੇਂ ਆਮ ਨਾਲੋਂ ਘੱਟ ਮਹਿਸੂਸ ਹੋ ਰਿਹਾ ਹੈ । ਅਜਿਹੇ 'ਚ ਸਾਨੂੰ ਸਿਹਤ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ । ਇਸ ਬਦਲਦੇ ਮੌਸਮ 'ਚ ਡੇਂਗੂ, ਵਾਇਰਲ ਬੁਖਾਰ ਵਰਗੀਆਂ ਬੀਮਾਰੀਆਂ ਤੇਜ਼ੀ ਨਾਲ ਪੈਦਾ ਹੁੰਦੀਆਂ ਹਨ । ਸਵੇਰੇ ਤੇ ਸ਼ਾਮ ਦੀ ਠੰਡ ਅਤੇ ਦਿਨ ਭਰ ਗਰਮੀ ਦੇ ਇਸ ਬਦਲਦੇ ਮੌਸਮ 'ਚ ਆਪਣੀ ਸੁਰੱਖਿਆ ਖੁਦ ਕਰੋ । ਇਹ ਮੌਸਮ ਤੁਹਾਨੂੰ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ । ਅਜਿਹੇ 'ਚ ਖੁਦ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਸਾਵਧਾਨ ਰਹਿਣਾ ਜ਼ਰੂਰੀ ਹੈ । ਬਦਲਦੇ ਮੌਸਮ ਨਾਲ ਲੋਕਾਂ ਦੀ ਸਿਹਤ ਵਿਗੜ ਰਹੀ ਹੈ । ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਚ ਦੇਖਣ ਨੂੰ ਮਿਲ ਰਿਹਾ ਹੈ । ਬੱਚਿਆਂ ਦੇ ਰੋਗਾਂ ਸਬੰਧੀ ਡਾਕਟਰਾਂ ਕੋਲ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ 'ਚ ਮਾਪੇ ਆਪਣੇ ਬੱਚਿਆਂ ਦਾ ਇਲਾਜ ਕਰਵਾਉਣ ਲਈ ਪਹੁੰਚ ਰਹੇ ਹਨ, ਜਿਨ੍ਹਾਂ 'ਚ ਵਧੇਰੇ ਬੱਚਿਆਂ ਦੀ ਸਿਹਤ ਵਿਗੜਣ ਦਾ ਕਾਰਨ ਸਿਰਫ ਬਦਲਦਾ ਮੌਸਮ ਹੀ ਨਹੀਂ ਸਗੋਂ ਖਾਣ-ਪੀਣ, ਰਹਿਣ-ਸਹਿਣ ਤੇ ਪਹਿਰਾਵਾ ਦੱਸਿਆ ਜਾ ਰਿਹਾ ਹੈ । ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬਦਲਦੇ ਮੌਸਮ 'ਚ ਇਨਫੈਕਸ਼ਨ ਤੇਜ਼ੀ ਨਾਲ ਫੈਲਦਾ ਹੈ ਅਤੇ ਬੈਕਟੀਰੀਆ ਆਦਿ ਜੀਵਾਣੂ ਅਤੇ ਰੋਗਾਣੂ ਦੇ ਪੈਦਾ ਹੋਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ । ਵਾਤਾਵਰਣ ਅਤੇ ਜਲਵਾਯੂ 'ਚ ਤਬਦੀਲੀ ਕਾਰਨ ਸਰਦੀ-ਜ਼ੁਕਾਮ, ਡੇਂਗੂ ਤੇ ਵਾਇਰਲ ਬੁਖਾਰ ਵਰਗੇ ਖਤਰਨਾਕ ਰੋਗ ਆਸਾਨੀ ਨਾਲ ਸਾਡੇ ਸਰੀਰ ਦੀ ਰੋਗਾਂ ਤੋਂ ਬਚਾਉਣ ਦੀ ਸਮਰੱਥਾ ਘੱਟ ਹੁੰਦੀ ਜਾਂਦੀ ਹੈ ।

**ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬਦਲਦੇ ਮੌਸਮ 'ਚ ਇਨਫੈਕਸ਼ਨ ਤੇਜ਼ੀ ਨਾਲ ਫੈਲਦਾ ਹੈ ਅਤੇ ਬੈਕਟੀਰੀਆ ਆਦਿ ਜੀਵਾਣੂ ਅਤੇ ਰੋਗਾਣੂ ਦੇ ਪੈਦਾ ਹੋਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ । ਵਾਤਾਵਰਣ ਅਤੇ ਜਲਵਾਯੂ 'ਚ ਤਬਦੀਲੀ ਕਾਰਨ ਸਰਦੀ-ਜ਼ੁਕਾਮ, ਡੇਂਗੂ ਤੇ ਵਾਇਰਲ ਬੁਖਾਰ ਵਰਗੇ ਖਤਰਨਾਕ ਰੋਗ ਆਸਾਨੀ ਨਾਲ ਸਾਡੇ ਸਰੀਰ ਦੀ ਰੋਗਾਂ ਤੋਂ ਬਚਾਉਣ ਦੀ ਸਮਰੱਥਾ ਘੱਟ ਹੁੰਦੀ ਜਾਂਦੀ ਹੈ ।**



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਅਜਿਹੇ ਸਮੇਂ 'ਚ ਠੰਡਾ ਪਾਣੀ, ਕੋਲਡ ਡ੍ਰਿੰਕਸ ਆਦਿ ਆਦਤਾਂ ਨੂੰ ਛੱਡ ਦੇਣਾ ਚਾਹੀਦਾ ਹੈ, ਨਹੀਂ ਤਾਂ ਅਸੀਂ ਵੀ ਕਿਸੇ ਨਾ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਸਕਦੇ ਹਾਂ । ਕਿਸੇ ਵੀ ਕਿਸਮ ਦੇ ਇਨਫੈਕਸ਼ਨ ਰੋਗਾਂ ਤੋਂ ਬਚਣ ਲਈ ਆਪਣੇ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ, ਗਰਮ ਪਾਣੀ ਦੀ ਵਰਤੋਂ ਕਰੋ, ਇਸ ਮੌਸਮ 'ਚ ਤੁਸੀਂ ਆਪਣੀ ਸਿਹਤ ਨੂੰ ਲੈ ਕੇ ਜਾਗਰੂਕ ਰਹੋ, ਸਾਦਾ ਭੋਜਨ ਖਾਓ ਅਤੇ ਵੱਧ ਤੋਂ ਵੱਧ ਕੋਸੇ ਪਾਣੀ ਦੀ ਵਰਤੋਂ ਕਰੋ ਜਿਸ ਨਾਲ ਤੁਹਾਡੀ ਰੋਗਾਂ ਤੋਂ ਬਚਾਉਣ ਦੀ ਸਮਰੱਥਾ ਵਧੇ ਅਤੇ ਤੁਸੀਂ ਸਿਹਤਮੰਦ ਤੇ ਤੰਦਰੁਸਤ ਰਹੋ । ਬਦਲਦੇ ਮੌਸਮ ਦੌਰਾਨ ਸਮੇਂ-ਸਮੇਂ 'ਤੇ ਸਫਾਈ ਅਤੇ ਸਾਵਧਾਨੀ ਦਾ ਵਿਸ਼ੇਸ਼ ਧਿਆਨ ਰੱਖ ਕੇ ਬੀਮਾਰੀਆਂ ਦੀ ਦੁਨੀਆਂ ਤੋਂ ਕਾਫੀ ਦੂਰ ਰਿਹਾ ਜਾ ਸਕਦਾ ਹੈ । ਮੌਸਮੀ ਬੀਮਾਰੀਆਂ ਹੋਣ 'ਤੇ ਸਮਾਂ ਰਹਿੰਦੇ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ । ਬੱਚਿਆਂ ਅਤੇ ਬਜ਼ੁਰਗਾਂ ਦੇ ਬੀਮਾਰ ਹੋਣ 'ਤੇ ਉਨ੍ਹਾਂ ਦੇ ਇਲਾਜ 'ਚ ਬਿਲਕੁਲ ਵੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ । ਨਹੀਂ ਤਾਂ ਸਿਹਤ ਜ਼ਿਆਦਾ ਵਿਗੜ ਸਕਦੀ ਹੈ ।

ਇਸ ਬਦਲਦੇ ਮੌਸਮ 'ਚ ਦੇਸ਼ ਦੇ ਕਈ ਸੂਬਿਆਂ 'ਚ ਹਰ ਸਾਲ ਡੇਂਗੂ ਦਾ ਅਜਿਹਾ ਹੀ ਜਾਨਲੇਵਾ ਕਹਿਰ ਦੇਖਿਆ ਜਾਂਦਾ ਰਿਹਾ ਹੈ । ਅਚਾਨਕ ਕਈ ਥਾਵਾਂ 'ਤੇ ਹਾਲਾਤ ਵਿਗੜਣ ਲੱਗਦੇ ਹਨ । ਹਜ਼ਾਰਾਂ ਲੋਕ ਡੇਂਗੂ ਤੋਂ ਪੀੜਤ ਹੋ ਕੇ ਹਸਪਤਾਲਾਂ 'ਚ ਦਾਖਲ ਹੁੰਦੇ ਹਨ । ਜਿਨ੍ਹਾਂ 'ਚ ਸੈਂਕੜੇ ਲੋਕ ਸਮੇਂ 'ਤੇ ਠੀਕ ਇਲਾਜ ਨਾ ਮਿਲਣ ਕਾਰਨ ਦਮ ਤੋੜ ਦਿੰਦੇ ਹਨ । ਅਸਲ 'ਚ ਡੇਂਗੂ ਤੇ ਵਾਇਰਲ ਬੁਖਾਰ ਕੋਈ ਕੁਦਰਤੀ ਆਫਤ ਨਹੀਂ ਸਗੋਂ ਸਾਡੀ ਲਾਪ੍ਰਵਾਹੀ ਦਾ ਕਾਰਨ ਹੈ । ਜੇਕਰ ਅਸੀਂ ਠੀਕ ਸਮੇਂ 'ਤੇ ਸਾਰੀ ਕਿਸਮ ਦੀਆਂ ਸਾਵਧਾਨੀਆਂ ਲਈ ਜ਼ਰੂਰੀ ਕਦਮ ਚੁੱਕੀਏ ਤਾਂ ਕਈ ਲੋਕ ਇਨ੍ਹਾਂ ਭਿਆਨਕ ਬੀਮਾਰੀਆਂ ਤੋਂ ਬਚ ਸਕਦੇ ਹਨ । ਹਾਲਾਂਕਿ ਹਰ ਸਾਲ 16 ਮਈ ਨੂੰ ਰਾਸ਼ਟਰੀ ਡੇਂਗੂ ਦਿਵਸ ਵੀ ਮਨਾਇਆ ਜਾਂਦਾ ਹੈ ਤਾਂ ਕਿ ਸਮੇਂ 'ਤੇ ਸਾਰੇ ਲੋਕ ਤੇ ਪ੍ਰਸ਼ਾਸਨ ਜਾਗਰੂਕ ਹੋ ਕੇ ਇਸ ਬਿਮਾਰੀ ਨੂੰ ਸਮਝ ਸਕਣ ਅਤੇ ਸੁਰੱਖਿਅਤ ਰਹਿ ਸਕਣ ਪਰ ਜਿਵੇਂ ਹੀ ਡੇਂਗੂ ਦਾ ਜਾਨਲੇਵਾ ਖੌਫ ਸਾਹਮਣੇ ਆਉਂਦਾ ਹੈ ਉਵੇਂ ਹੀ ਸਾਰੀ ਦੀ ਸਾਰੀ ਹਾਲਤ ਵਿਗੜਨ ਲਗਦੀ ਹੈ ਅਤੇ ਅਸਲੀਅਤ ਤਾਂ ਇਹੀ ਹੈ ਕਿ ਵਧੇਰੇ ਥਾਵਾਂ 'ਤੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਸਮਾਂ ਰਹਿੰਦੇ ਉਚਿਤ ਪ੍ਰਬੰਧ ਨਹੀਂ ਕੀਤੇ ਜਾਂਦੇ ਜਿਸ ਨਾਲ ਇਹ ਭਿਆਨਕ ਬੀਮਾਰੀ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੀ ਹੈ ।

**ਅਪਨੇ ਸਰੀਰ ਦੀ ਹਮੇਸ਼ਾਂ ਦੇਖਭਾਲ ਕਰੋ । ਯਹ ਵਹ ਜਗਤ ਹੈ ਜਹਾਂ ਤੁਮਹੇ ਰਹਿਨਾ ਹੈ ॥**

# ਵੱਖ-ਵੱਖ ਮੌਸਮਾਂ ’ਚ ਘੋੜਿਆਂ ਦੀ ਦੇਖਭਾਲ

ਵੱਧ ਰਹੀ ਸਮਾਜਿਕ ਖੁਸ਼ਹਾਲੀ ਕਾਰਨ ਲੋਕਾਂ ਦਾ ਘੋੜਿਆਂ ਪ੍ਰਤੀ ਰੁਝਾਨ ਵਧ ਰਿਹਾ ਹੈ । ਵਰ੍ਹੇ ਦੇ ਵੱਖ-ਵੱਖ ਮੌਸਮਾਂ ਦੌਰਾਨ ਘੋੜਿਆਂ ਦਾ ਧਿਆਨ ਰੱਖ ਕੇ ਉਨ੍ਹਾਂ ਨੂੰ ਕਈ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ ।

**ਤਬੇਲਾ :**

ਤਬੇਲੇ 'ਚ ਕਮਰੇ ਇਸ ਹਿਸਾਬ ਨਾਲ ਬਣਾਓ ਕਿ ਗਰਮੀਆਂ 'ਚ ਜਾਨਵਰ ਠੰਢੇ ਵਾਤਾਵਰਣ 'ਚ ਰਹਿ ਸਕਣ । ਤਬੇਲੇ ਦੀ ਉਸਾਰੀ 12 ਤੋਂ 14 ਫੁੱਟ ਅਤੇ ਦਰਵਾਜ਼ੇ ਦੀ ਉਚਾਈ 7 ਫੁੱਟ ਤੋਂ ਘੱਟ ਨਹੀਂ ਹੋਣੀ ਚਾਹੀਦੀ । ਹਰ ਕਮਰੇ ਨਾਲ ਖੁਰਲੀ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਫਰਸ਼ ਖੁਰਦਰਾ ਅਤੇ ਪੱਕਾ ਹੋਵੇ, ਜਿਸ ਉੱਤੇ ਪਰਾਲੀ ਵਿਛਾਈ ਜਾ ਸਕਦੀ ਹੈ । ਫਰਸ਼ 'ਚ ਢਲਾਣ ਰੱਖਣੀ ਜ਼ਰੂਰੀ ਹੈ ਤਾਂ ਜੋ ਪਾਣੀ ਜਾਂ ਪਿਸ਼ਾਬ ਫਰਸ਼ 'ਤੇ ਇਕੱਠਾ ਨਾ ਹੋ ਸਕੇ । ਤਬੇਲੇ 'ਚ ਘੋੜੀ ਅਤੇ ਉਸ ਦੇ ਬੱਚੇ ਲਈ ਕਮਰੇ ਦਾ ਆਕਾਰ 14X16 ਫੁੱਟ ਜਾਂ 12X18 ਫੁੱਟ ਤੋਂ ਘੱਟ ਨਹੀਂ ਹੋਣਾ ਚਾਹੀਦਾ । ਅਸਤਬਲ 'ਚ ਘੋੜਿਆਂ ਦੇ ਕਮਰੇ ਇਸ ਤਰ੍ਹਾਂ ਬਣਾਉਣੇ ਚਾਹੀਦੇ ਹਨ ਤਾਂ ਕਿ ਉਹ ਘੋੜਿਆਂ ਨੂੰ ਇੱਕ ਪਾਸੇ ਤੋਂ ਵੇਖ ਸਕਣ । ਘੋੜੇ ਅਤੇ ਘੋੜੀਆਂ ਦੇ ਕਮਰੇ ਜ਼ਿਆਦਾ ਕੋਲ ਨਹੀਂ ਹੋਣੇ ਚਾਹੀਦੇ । ਜ਼ਿਆਦਾ ਗਰਮੀ 'ਚ ਕੂਲਰ ਦਾ ਇੰਤਜ਼ਾਮ ਵੀ ਹੋਣਾ ਚਾਹੀਦਾ ਹੈ ।

**ਜ਼ਿਆਦਾ ਪਾਣੀ ਪਿਲਾਓ :**

ਗਰਮੀਆਂ ਵਿੱਚ ਘੋੜਿਆਂ ਨੂੰ ਖੁੱਲ੍ਹਾ ਰੱਖੋ ਅਤੇ ਪੀਣ ਲਈ ਸਾਫ ਪਾਣੀ ਦੇਵੋ । ਗਰਮੀਆਂ 'ਚ ਜ਼ਿਆਦਾ ਕਸਰਤ ਨਾਲ ਸਰੀਰ 'ਚ ਜ਼ਿਆਦਾ ਗਰਮੀ ਪੈਦਾ ਹੁੰਦੀ ਹੈ ਅਤੇ ਜ਼ਿਆਦਾ ਚਰਬੀ ਅਤੇ ਵਾਲ ਇਸ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੇ । ਪਸੀਨਾ ਉੱਡਣ ਨਾਲ ਘੋੜਾ ਆਪਣੇ ਸਰੀਰ ਵਿੱਚੋਂ ਗਰਮੀ ਕੱਢ ਦਿੰਦਾ ਹੈ ਪਰ ਜਦੋਂ ਹਵਾ 'ਚ ਨਮੀ ਵੱਧ ਹੋਵੇ ਤਾਂ ਸਰੀਰ 'ਚੋਂ ਪਸੀਨਾ ਨਹੀਂ ਉੱਡਦਾ ਅਤੇ ਘੋੜਾ ਬਿਮਾਰ ਹੋ ਜਾਂਦਾ ਹੈ । ਜ਼ਿਆਦਾ ਪਸੀਨੇ ਕਾਰਨ ਸਰੀਰ ਦਾ ਬਹੁਤ ਸਾਰਾ ਪਾਣੀ ਅਤੇ ਜ਼ਰੂਰੀ ਤੱਤ ਸਰੀਰ 'ਚੋਂ ਨਿਕਲ ਜਾਂਦੇ ਹਨ । ਇਸ ਲਈ ਘੋੜੇ ਨੂੰ ਖੁੱਲ੍ਹਾ ਪਾਣੀ ਦੇਣਾ ਚਾਹੀਦਾ ਹੈ । ਹੇਅ ਦੀਆਂ ਪੰਡਾਂ ਪਾਣੀ ਵਿੱਚ ਭਿਉਂ ਕੇ ਦੇਣੀਆਂ ਚਾਹੀਦੀਆਂ ਹਨ । ਲੂਣ ਅਤੇ ਪਾਣੀ ਘੋੜੇ ਦੀ ਤੰਦਰੁਸਤੀ ਲਈ ਜ਼ਰੂਰੀ ਹਨ । ਇਨ੍ਹਾਂ ਦੀ ਕਮੀ ਕਾਰਨ ਦਿਲ ਅਤੇ ਪੇਟ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ । ਚੰਗੀ ਖੁਰਾਕ ਇਨ੍ਹਾਂ ਤੱਤਾਂ ਦੀ ਕਮੀ ਪੂਰੀ ਕਰ ਦਿੰਦੀ ਹੈ । ਗਰਮੀਆਂ ਵਿੱਚ ਘੋੜਿਆਂ ਦੇ ਸਰੀਰ 'ਚ ਚਰਬੀ ਘੱਟ ਹੋਣੀ ਚਾਹੀਦੀ ਹੈ । ਘੋੜਿਆਂ ਨੂੰ ਛਾਵੇਂ ਰੱਖਣਾ ਚਾਹੀਦਾ ਹੈ । ਜੇਕਰ ਉਨ੍ਹਾਂ ਨੂੰ ਕਮਰੇ ਅੰਦਰ ਰੱਖਣਾ ਹੋਵੇ ਤਾਂ ਕਮਰੇ 'ਚ ਪੱਖਾ ਜ਼ਰੂਰ ਚਲਾਓ ।



**ਘੋੜੇ ਦਾ ਚਾਰਾ**

ਸੁੱਕਾ ਚਾਰਾ ਪਚਾਉਣ ਵੇਲੇ ਘੋੜੇ ਦੇ ਸਰੀਰ 'ਚ ਗਰਮੀ ਪੈਦਾ ਹੁੰਦੀ ਹੈ ਅਤੇ ਪੇਟ 'ਚ ਹੋਣ ਵਾਲੇ ਛਾਲਿਆਂ ਤੋਂ ਬਚਾਅ ਹੁੰਦਾ ਹੈ । ਤਾਕਤ ਦੇਣ ਦੇ ਨਾਲ-ਨਾਲ ਇਹ ਚਾਰਾ ਸਰੀਰ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਵੀ ਨਹੀਂ ਵਧਣ ਦਿੰਦਾ । ਇਸ ਨਾਲ ਘੋੜੇ ਨੂੰ ਅੰਤੜੀਆਂ ਅਤੇ ਖੁਰਾਂ ਦੀਆਂ ਬਿਮਾਰੀਆਂ ਨਹੀਂ ਲੱਗਦੀਆਂ । ਘੋੜਿਆਂ ਦੀ ਚਮੜੀ ਬੰਦੇ ਨਾਲੋਂ 2-5 ਗੁਣਾਂ ਮੋਟੀ ਹੁੰਦੀ ਹੈ । ਇਹ ਚਮੜੀ ਵਧੇਰੇ ਸਰਦੀ ਝੱਲ ਲੈਂਦੀ ਹੈ । ਸਿਹਤਮੰਦ ਘੋੜਿਆਂ 'ਚ ਫੈਟ ਦੀ ਪਰਤ ਹੁੰਦੀ ਹੈ, ਜੋ ਚਮੜੀ ਤੋਂ ਵੀ ਜ਼ਿਆਦਾ ਜ਼ਰੂਰੀ ਹੈ । ਚਮੜੀ ਅਤੇ ਵਾਲਾਂ ਦੇ ਮੁਕਾਬਲੇ ਚਰਬੀ ਤਿੰਨ ਗੁਣਾਂ ਸਰੀਰਕ ਗਰਮੀ ਨੂੰ ਬਾਹਰ ਨਿਕਲਣ ਤੋਂ ਬਚਾਉਂਦੀ ਹੈ । ਇਸ ਲਈ ਸਰਦੀਆਂ 'ਚ ਘੋੜੇ ਦਾ ਭਾਰ ਘੱਟ ਨਹੀਂ ਹੋਣਾ ਚਾਹੀਦਾ ਹੈ । ਵਛੇਰੇ/ਵਛੇਰੀਆਂ ਅਤੇ ਗੱਭਣ ਘੋੜੀਆਂ ਨੂੰ ਜ਼ਿਆਦਾ ਦਾਣੇ ਦੀ ਲੋੜ ਹੁੰਦੀ ਹੈ । ਉਸ ਦੀ ਖੁਰਾਕ ਦੇ ਇੱਕ ਹਿੱਸੇ 'ਚ ਦਾਣਾ, ਧਾਤਾਂ ਅਤੇ ਵਿਟਾਮਿਨ ਹੋਣੇ ਚਾਹੀਦੇ ਹਨ । ਇੱਕ ਘੋੜੇ ਨੂੰ ਰੋਜ਼ਾਨਾ ਇੱਕ ਕੁਇੰਟਲ ਭਾਰ ਪਿੱਛੇ ਇੱਕ ਕਿੱਲੋ ਹਰੇ ਘਾਹ ਜਾਂ ਹੇਅ ਦੀ ਲੋੜ ਹੁੰਦੀ ਹੈ । ਇਸ ਲਈ ਚਾਰ ਕੁਇੰਟਲ ਦੇ ਘੋੜੇ ਨੂੰ ਰੋਜ਼ਾਨਾ ਚਾਰ ਕਿੱਲੋ ਹਰੇ ਘਾਹ ਜਾਂ ਸੁੱਕੇ ਚਾਰੇ ਦੀ ਲੋੜ ਹੁੰਦੀ ਹੈ । ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਘਾਹ (ਇੱਕ ਕੁਇੰਟਲ ਭਾਰ ਪਿੱਛੇ ਦੋ ਕਿੱਲੋ ਘਾਹ ਜਾਂ ਹੇਅ) ਦੀ ਲੋੜ ਹੈ ਅਤੇ ਦਾਣੇ ਦੀ ਲੋੜ ਨਾਮਾਤਰ ਰਹਿ ਜਾਂਦੀ ਹੈ । ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਦਾਣਾ ਦੇਣ ਨਾਲ ਲੰਗੜਾਪਨ ਆ ਸਕਦਾ ਹੈ । ਤਾਜ਼ਾ ਕੱਟਿਆ ਹੋਇਆ ਲੂਸਣ ਘੋੜਿਆਂ ਲਈ ਵਧੀਆ ਹੁੰਦਾ ਹੈ । ਲੂਸਣ ਨੂੰ ਸੁਕਾ ਕੇ ਸਟੋਰ ਕਰ ਲਵੋ ਤਾਂ ਜੋ ਮਾਨਸੂਨ ਸਮੇਂ ਇਸ ਦੀ ਵਰਤੋਂ ਕੀਤੀ ਜਾ ਸਕੇ । ਹਰੇ ਜੌਂਅ ਅਤੇ ਹਰੀ ਖੱਬਲ ਦਾ ਵੀ ਹੇਅ ਬਣਾ ਕੇ ਸਟੋਰ ਕੀਤਾ ਜਾ ਸਕਦਾ ਹੈ । ਤੂੜੀ, ਚਾਵਲਾਂ ਤਾ ਛਿਲਕਾ, ਕਣਕ ਦਾ ਆਟਾ ਜਾਂ ਸਾਬਤ ਕਣਕ ਘੋੜੇ ਨੂੰ ਬੰਨ੍ਹ ਪਾ ਸਕਦੇ ਹਨ ਜਾਂ ਸੂਲ ਪੈਦਾ ਕਰ ਸਕਦੇ ਹਨ ।

**ਦਾਣਿਆਂ ਦਾ ਮਿਸ਼ਰਣ :** ਘੋੜੇ ਨੂੰ ਖੁਰਾਕ ਦੇ ਤੌਰ 'ਤੇ ਦਾਣਿਆਂ ਦਾ ਮਿਸ਼ਰਣ ਦੇਣਾ ਲਾਭਦਾਇਕ ਹੈ । ਇਸ ਮਿਸ਼ਰਣ 'ਚ ਜੌਂਅ 40 ਫੀਸਦੀ, ਕਣਕ ਦਾ ਛਾਣਬੂਰਾ 15 ਫੀਸਦੀ, ਸੋਇਆਬੀਨ 10 ਫੀਸਦੀ, ਗੁੜ 3 ਫੀਸਦੀ ਅਤੇ ਧਾਤਾਂ ਦਾ ਚੂਰਾ ਅਤੇ ਕੈਲਸ਼ੀਅਮ 2 ਫੀਸਦੀ ਹੋਵੇ । ਜੌਂਅ ਸਾਬਤ ਜਾਂ ਦਲ ਕੇ ਦਿੱਤੇ ਜਾ ਸਕਦੇ ਹਨ । ਸਾਬਤ ਜੌਂਅ 3-4 ਘੰਟੇ ਪਹਿਲਾਂ ਭਿਉਣ ਨਾਲ ਨਰਮ ਹੋ ਜਾਂਦੇ ਹਨ ਅਤੇ ਬੰਨ੍ਹ ਨਹੀਂ ਪਾਉਂਦੇ । ਜਵੀ ਨੂੰ ਪਾਣੀ 'ਚ ਉਬਾਲ ਕੇ ਜਾਂ 3-4 ਘੰਟੇ ਭਿਉਂ ਕੇ ਚਾਰੋ । ਭਿੱਜੀ ਹੋਈ ਮੱਕੀ ਘੋੜਿਆਂ ਨੂੰ ਸੁਆਦ ਲੱਗਦੀ ਹੈ ਅਤੇ ਇਸ 'ਚ ਤਾਕਤ ਦੀ ਮਾਤਰਾ ਵੀ ਵੱਧ ਹੁੰਦੀ ਹੈ ਜਦੋਂਕਿ ਮੱਕੀ ਦਾ ਆਟਾ ਘੋੜੇ ਨੂੰ ਬੰਨ੍ਹ ਪਾ ਸਕਦਾ ਹੈ, ਇਸ ਨੂੰ ਖੁਰਾਕ 'ਚ ਸ਼ਾਮਲ ਨਾ ਕਰੋ ।

ਕਣਕ ਦੇ ਛਾਣਬੂਰੇ 'ਚ ਕਾਫੀ ਪ੍ਰੋਟੀਨ ਅਤੇ ਫਾਈਬਰ ਹੁੰਦਾ ਹੈ । ਇਸ ਨੂੰ ਵੀ ਭਿਉਂ ਕੇ ਦੇਣਾ ਚਾਹੀਦਾ ਹੈ । ਸੋਆਬੀਨ 'ਚ ਪ੍ਰੋਟੀਨ ਅਤੇ ਜ਼ਰੂਰੀ ਧਾਤਾਂ ਹੁੰਦੀਆਂ ਹਨ । ਗੁੜ ਤਾਕਤ ਦਿੰਦਾ ਹੈ ਅਤੇ ਭੁੱਖ ਵਧਾਉਂਦਾ ਹੈ । ਵਿਟਾਮਿਨ ਅਤੇ ਧਾਤਾਂ ਦਾ ਚੂਰਾ ਬਹੁਤ ਜ਼ਰੂਰੀ ਤੱਤ ਹਨ ਅਤੇ ਵਛੇਰੇ, ਵਛੇਰੀਆਂ, ਗੱਭਣ ਅਤੇ ਨਵੀਆਂ ਸੂਈਆਂ ਘੋੜੀਆਂ ਲਈ ਲਾਭਦਾਇਕ ਹੁੰਦੇ ਹਨ । 100 ਕਿੱਲੋ ਦੇ ਵਛੇਰੇ/ਵਛੇਰੀ ਨੂੰ ਡੇਢ ਤੋਂ ਢਾਈ ਕਿੱਲੋ ਦਾਣੇ ਦਿਓ । ਜਦੋਂ ਭਾਰ ਵੱਧਦਾ ਹੈ ਤਾਂ ਹਰੇ ਚਾਰੇ ਜਾਂ ਹੇਅ ਦੀ ਮਾਤਰਾ ਵਧਾਉਣੀ ਚਾਹੀਦੀ ਹੈ ਪਰ ਦਾਣਿਆਂ ਦਾ ਮਿਸ਼ਰਣ 25-3 ਕਿੱਲੋ ਰੋਜ਼ਾਨਾ ਹੀ ਰੱਖੋ । ਲੋੜ ਤੋਂ ਵੱਧ ਦਾਣਾ ਦੇਣ ਨਾਲ ਘੋੜੇ ਨੂੰ ਲੰਗੜਾਪਨ ਅਤੇ ਹੋਰ ਨੁਕਸ ਹੋ ਸਕਦੇ ਹਨ । ਸਰਦੀਆਂ 'ਚ ਘੋੜਿਆਂ ਦੇ ਵਾਲ ਨਾ ਕੱਟੋ । ਵਾਲਾਂ ਕਾਰਨ ਘੋੜੇ ਸਰਦੀ ਸਹਿਣ ਕਰ ਲੈਂਦੇ ਹਨ ।

*ਡਾ. ਅਰੁਣ ਆਨੰਦ ।*

**ਰਵਾਇਤੀ ਰਾਇਆ ਦੇ ਤੇਲ ਵਿੱਚ ਜ਼ਿਆਦਾ ਇਰੂਸਿਕ ਐਸਿਡ (40-50%) ਦੀ ਹਾਜ਼ਰੀ ਕਾਰਨ ਦਿਲ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਮਾੜੀ ਆਕਸੀਜਨ ਕਰਕੇ ਇਹ ਦਿਲ ਵਿੱਚ ਇਕੱਠਾ ਹੋ ਜਾਂਦਾ ਹੈ। ਤੇਲ ਕੱਢਣ ਤੋਂ ਬਾਅਦ ਬਚੀ ਹੋਈ ਖੱਲ ਦੀ ਵਰਤੋਂ ਵੀ ਅਣਚਾਹੇ ਪਦਾਰਥਾਂ (ਗੁਲੋਕੋਸਿਨੋਲੇਟ) ਜੋ ਖਲ ਨੂੰ ਕੁੜੱਤਣ ਅਤੇ ਘੱਟ ਪਾਚਕਤਾ ਪ੍ਰਦਾਨ ਕਰਦਾ ਹੈ, ਨਾਲ ਹੀ ਜਾਨਵਰਾਂ ਵਿੱਚ ਵੱਖ-2 ਬੀਮਾਰੀਆਂ ਪੈਦਾ ਕਰਦਾ ਹੈ।**



## ਤੰਦਰੁਸਤ ਸਿਹਤ ਦਾ ਰਾਜ਼

# ਸਰ੍ਹੋਂ ਦਾ ਕਨੋਲਾ ਤੇਲ

ਮੰਜੁਲਾ ਸ਼ਰਮਾ ਅਤੇ ਸੁਰਿੰਦਰ ਸੰਧੂ
ਪਲਾਂਟ ਬਰੀਡਿੰਗ ਅਤੇ ਜੈਨਟਿਕਸ ਵਿਭਾਗ, ਪੀ ਏ ਯੂ, ਲੁਧਿਆਣਾ

ਸਾਰੇ ਚਰਬੀ ਅਤੇ ਤੇਲਾਂ ਵਿੱਚ ਇਕੋ ਜਿੰਨੀ ਊਰਜਾ ਹੁੰਦੀ ਹੈ, ਪ੍ਰੰਤੂ ਫੈਟੀ ਐਸਿਡ ਰਚਨਾ ਵਿੱਚ ਭਿੰਨ ਹੁੰਦੇ ਹਨ ਅਤੇ ਫੈਟੀ ਐਸਿਡ ਰਚਨਾ ਤੇ ਹੀ ਨਿਰਭਰ ਕਰਦਾ ਹੈ ਕਿ ਕੋਈ ਤੇਲ ਖਪਤ ਲਈ ਤੰਦਰੁਸਤ ਹੈ ਜਾਂ ਖਰਾਬ ਹੈ। ਫੈਟੀ ਐਸਿਡ ਦੀ ਕਿਸਮ ਅਤੇ ਅਨੁਪਾਤ, ਤੇਲ ਦੀਆਂ ਭੌਤਿਕ ਅਤੇ ਰਸਾਇਣਕ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਇਸ ਲਈ ਖਾਣੇ ਦੇ ਤੇਲ ਦੀ ਸਹੀ ਚੋਣ ਬਾਰੇ ਆਮ ਲੋਕਾਂ ਨੂੰ ਵੱਖ-ਵੱਖ ਸਿਹਤ ਲਾਭਾਂ ਬਾਰੇ ਸਪੱਸ਼ਟ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਮੰਤਵ ਲਈ, ਅਸੀਂ ਸਥਾਨਕ ਬਾਜ਼ਾਰ ਵਿੱਚ ਵੱਖ ਵੱਖ ਸਰੋਤਾਂ ਤੋਂ ਖਾਣ ਵਾਲੇ ਤੇਲ ਜਿਵੇਂ ਕਿ ਸੋਇਆਬੀਨ, ਤਿੱਲ, ਸਰ੍ਹੋਂ, ਗੋਭੀ ਸਰ੍ਹੋਂ ਕਨੋਲਾ, ਚਾਵਲ ਬ੍ਰੈਨ, ਪਾਮ ਅਤੇ ਆਲਿਵ ਤੇਲ ਦੀ ਤੁਲਨਾਤਮਕ ਫੈਟੀ ਐਸਿਡ ਜਾਂਚ ਸਾਡੇ ਸੈਕਸ਼ਨ ਦੀ ਲੈਬੋਰੇਟਰੀ ਵਿੱਚ ਮੌਜੂਦ ਗੈਸ ਕ੍ਰੋਮੇਟੋਗ੍ਰਾਫੀ ਦੀ ਸਹੂਲਤ ਦੀ ਵਰਤੋਂ ਕਰਕੇ ਕੀਤੀ ਗਈ ਹੈ। ਇਸ ਤੋਂ ਇਲਾਵਾ ਤੁਲਨਾ ਲਈ ਪੀ. ਏ. ਯੂ ਵਲੋਂ ਤਿਆਰ PBR357-ਰਵਾਇਤੀ ਰਾਇਆ, RLC3-ਕਨੋਲਾ ਗੁਣਵੱਤਾ ਪੀਲੇ ਬੀਜਾਂ ਵਾਲੀ ਰਾਇਆ ਦੀ ਕਿਸਮ ਅਤੇ GSC7-ਕਨੋਲਾ ਗੋਭੀ ਸਰ੍ਹੋਂ ਦੀ ਕਿਸਮ ਤੋਂ ਪ੍ਰਾਪਤ ਤੇਲਾਂ ਨੂੰ ਵੀ ਸ਼ਾਮਿਲ ਕੀਤਾ ਸੀ।

ਰਵਾਇਤੀ ਰਾਇਆ ਦੇ ਤੇਲ ਵਿੱਚ ਜ਼ਿਆਦਾ ਇਰੂਸਿਕ ਐਸਿਡ (40-50%) ਦੀ ਹਾਜ਼ਰੀ ਕਾਰਨ ਦਿਲ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਮਾੜੀ ਆਕਸੀਜਨ ਕਰਕੇ ਇਹ ਦਿਲ ਵਿੱਚ ਇਕੱਠਾ ਹੋ ਜਾਂਦਾ ਹੈ। ਤੇਲ ਕੱਢਣ ਤੋਂ ਬਾਅਦ ਬਚੀ ਹੋਈ ਖੱਲ ਦੀ ਵਰਤੋਂ ਵੀ ਅਣਚਾਹੇ ਪਦਾਰਥਾਂ (ਗੁਲੋਕੋਸਿਨੋਲੇਟ) ਜੋ ਖਲ ਨੂੰ ਕੁੜੱਤਣ ਅਤੇ ਘੱਟ ਪਾਚਕਤਾ ਪ੍ਰਦਾਨ ਕਰਦਾ ਹੈ, ਨਾਲ ਹੀ ਜਾਨਵਰਾਂ



ਵਿੱਚ ਵੱਖ-2 ਬੀਮਾਰੀਆਂ ਪੈਦਾ ਕਰਦਾ ਹੈ। ਪੀ. ਏ. ਯੂ. ਦੁਆਰਾ ਖਾਣ ਵਾਲੇ ਤੇਲ ਵਿੱਚ ਇਹਨਾਂ ਜ਼ਹਿਰੀਲੇ ਪਦਾਰਥਾਂ ਨੂੰ ਘਟਾਉਣ ਲਈ ਜਤਨ ਕੀਤੇ ਗਏ ਹਨ ਜਿਸ ਨਾਲ ਕਨੋਲਾ ਜਾਂ ''00'' ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਪੀ. ਏ. ਯੂ. ਵਲੋਂ ਤਿਆਰ ਕੀਤੀਆਂ ਕਿਸਮਾਂ (GSC 7 ਅਤੇ RLC 3) ਦੇ ਤੇਲ ਵਿੱਚ ਇਰੂਸਿਕ ਐਸਿਡ 2% ਤੋਂ ਵੀ ਘੱਟ ਹੈ ਅਤੇ ਖਲ ਵਿੱਚ ਗੁਲੋਕੋਸਿਨੋਲੇਟ ਦੀ ਮਾਤਰਾ 30 ਮਾਈਕਰੋਮੋਲ ਪ੍ਰਤੀ ਗ੍ਰਾਮ ਤੋਂ ਘੱਟ ਹੈ। ਇਹ ਕਿਸਮਾਂ ਪੰਜਾਬ ਵਿੱਚ ਖੇਤੀ ਲਈ ਸਿਫਾਰਿਸ਼ ਕੀਤੀਆਂ ਗਈਆਂ ਹਨ ਅਤੇ ਕਿਸਾਨਾਂ ਦੁਆਰਾ ਚੰਗਾ ਹੁਲਾਰਾ ਮਿਲਿਆ ਹੈ। ਖਾਣੇ ਵਾਲੇ ਤੇਲ ਵਿੱਚ ਕਈਂ ਫੈਟੀ ਐਸਿਡ ਹੁੰਦੇ ਹਨ ਜਿਨ੍ਹਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :

**ਸੈਚੂਰੇਟਿਡ ਫੈਟੀ ਐਸਿਡ** (SFA) : ਤੇਲ ਵਿੱਚ (SFA) ਦੀ ਵਧੇਰੀ ਮਾਤਰਾ ਨੂੰ ਕੋਲੈਸਟਰੋਲ ਦੇ ਪੱਧਰ ਨੂੰ ਵਧਾਉਣ ਨਾਲ ਜੋੜਿਆ ਗਿਆ ਹੈ ਜੋ ਕਿ ਦਿਲ ਦੀ ਬਿਮਾਰੀਆਂ, ਮੋਟਾਪੇ ਅਤੇ ਸ਼ੂਗਰ ਦਾ ਮਹੱਤਵਪੂਰਨ ਕਾਰਨ ਹੈ। ਵਰਲਡ ਹੈਲਥ ਆਰਗਨਾਈਜੇਸ਼ਨ (WHO) ਖਾਣ ਵਾਲੇ ਤੇਲ ਵਿੱਚ 7% ਤੋਂ ਘੱਟ SFA ਦੀ ਸਿਫਾਰਿਸ਼ ਕਰਦਾ ਹੈ ਅਤੇ ਇਸ ਲਈ, ਉੱਚ SFA ਦੇ ਤੇਲ ਨੂੰ ਨਹੀਂ ਵਰਤਣਾ ਚਾਹੀਦਾ ਹੈ। ਰਵਾਇਤੀ ਰਾਇਆ ਅਤੇ ਕਨੋਲਾ ਤੇਲਾਂ ਵਿਚ SFA ਦੀ ਮਾਤਰਾ ਦੂਜੇ ਤੇਲਾਂ ਜਿਵੇਂ ਆਲਿਵ ਤੇਲ (14.1%), ਸੋਇਆਬੀਨ (14.3-14.8), ਤਿੱਲ (14.3%), ਚਾਵਲ ਬ੍ਰੈਨ (21.3%) ਅਤੇ ਪਾਮ ਤੇਲ (45.95%) ਦੀ ਤੁਲਨਾ 7% ਤੋਂ ਘੱਟ ਪਾਈ ਗਈ ਹੈ। ਬਹੁਤ ਜ਼ਿਆਦਾ SFA ਕਰਕੇ ਪਾਮ ਤੇਲ ਨੂੰ ਖਪਤ ਲਈ ਚੰਗਾ ਨਹੀਂ ਮੰਨਿਆ ਗਿਆ ਹੈ ਅਤੇ ਇਹ ਇਕ ਦਸਤਾਵੇਜ਼ ਹੈ ਕਿ ਪਾਮ ਤੇਲ ਦੀ ਜ਼ਿਆਦਾ ਵਰਤੋਂ ਕਰਕੇ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ।

**ਮੋਨੋਅਨਸੈਚੂਰੇਟਿਡ ਫੈਟੀ ਐਸਿਡ** (MUFA) : ਫੈਟੀ ਐਸਿਡ ਦੀ ਦੂਸਰੀ ਸ਼੍ਰੇਣੀ (MUFA) (ਓਲਿਕ ਐਸਿਡ) ਹੈ। ਭਾਵੇਂ ਮਨੁੱਖੀ ਸਰੀਰ ਓਲਿਕ ਐਸਿਡ ਨੂੰ ਬਨਾਉਣ ਵਿਚ ਸਮਰੱਥ ਹੈ ਪਰ ਤੇਲ ਵਿੱਚ ਇਸ ਦੀ ਮੌਜੂਦਗੀ ਆਕਸੀਕਰਨ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ। ਪੌਸ਼ਟਿਕ ਤੰਦਰੁਸਤ ਤੇਲ ਦੀ ਪਛਾਣ ਕਰਨ ਲਈ ਇਹੀ ਇੱਕ ਕਾਰਨ ਨਹੀਂ ਹੈ ਪਰ ਖਾਣਾ ਪਕਾਉਣ ਦੇ ਬਾਦ ਇਸ ਦੀ ਸਥਿਰਤਾ ਵੀ ਇੱਕ ਮਹੱਤਵਪੂਰਨ ਵਿਚਾਰ ਹੈ। ਭਾਰਤੀ ਸ਼ੈਲੀ ਦਾ ਖਾਣਾ ਪਕਾਉਣ ਦਾ ਤਾਪਮਾਨ ਮੁਕਾਬਲਣ ਉੱਚਾ ਹੈ। ਇਸ ਲਈ ਜ਼ਰੂਰੀ ਹੈ ਕਿ ਉਹੀ ਤੇਲ ਚੁਣੀਏ ਜਿਸ ਦਾ ਆਕਸੀਕਰਨ ਆਸਾਨੀ ਨਾਲ ਨਾ ਹੋਵੇ ਅਤੇ ਉਹ ਜਲਦੀ ਖਰਾਬ ਨਾ ਹੋਵੇ। ਆਕਸੀਕਰਨ ਸਥਿਰਤਾ ਤੇਲ ਦੀ ਗੁਣਵੱਤਾ ਦਾ ਨਿਰਣਾ ਕਰਨ ਲਈ ਇਕ ਮਹੱਤਵਪੂਰਨ ਕਾਰਨ ਹੈ।



**ਪੋਲੀਅਨਸੈਚੂਰੇਟਿਡ ਫੈਟੀ ਐਸਿਡ** (PUFA) : ਫੈਟੀ ਐਸਿਡ ਦੀ ਤੀਜੀ ਸ਼੍ਰੇਣੀ, (PUFA) ਵਿੱਚ ਓਮੇਗਾ-6 (ਲਿਨੋਲੇਨਿਕ) ਅਤੇ ਓਮੇਗਾ-3 (ਲਿਨੋਲਿਕ) ਮਨੁੱਖੀ ਸਰੀਰ ਲਈ ਜ਼ਰੂਰੀ ਫੈਟੀ ਐਸਿਡ ਦੇ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ, ਕਿਉਂਕਿ ਇਹ ਮਨੁੱਖੀ ਸਰੀਰ ਦੁਆਰਾ ਨਹੀਂ ਬਣਾਏ ਜਾ ਸਕਦੇ। ਇਸ ਲਈ ਇਹਨਾਂ ਨੂੰ ਖੁਰਾਕ ਤੋਂ ਪ੍ਰਾਪਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹ ਦੋਨੋਂ ਫੈਟੀ ਐਸਿਡ ਸਰੀਰ ਦੇ ਸਹੀ ਕੰਮ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਛੋਟੇ ਬੱਚਿਆਂ ਦੇ ਸਰੀਰਕ ਅਤੇ ਦਿਮਾਗ ਦੇ ਵਿਕਾਸ ਲਈ ਮਹੱਤਵਪੂਰਨ ਹਨ। ਇਹ ਦੋਨੋਂ ਫੈਟੀ ਐਸਿਡ HDL ਕੋਲੈਸਟਰੋਲ (ਤੰਦਰੁਸਤ) ਨੂੰ ਵਧਾਉਂਦੇ ਹਨ ਅਤੇ LDL ਕੋਲੈਸਟਰੋਲ (ਗੈਰ-ਤੰਦਰੁਸਤ) ਪੱਧਰ ਨੂੰ ਘਟਾਉਂਦੇ ਹਨ। (PUFA) ਓਮੇਗਾ-3 ਦੀ ਮੌਜੂਦਗੀ ਤੇਲ ਦੀ ਗੁਣਵੱਤਾ ਘਟਾਉਂਦੀ ਹੈ ਅਤੇ ਇਸ ਲਈ ਤੇਲ ਵਿੱਚ ਇਸ ਦੀ ਜ਼ਿਆਦਾ ਮਾਤਰਾ ਫਾਇਦੇਮੰਦ ਨਹੀਂ ਹੁੰਦੀ ਹੈ। ਦੋਹਾਂ ਓਮੇਗਾ ਫੈਟੀ ਐਸਿਡ ਵਿਚਕਾਰ ਸਹੀ ਸੰਤੁਲਨ (5-10:1) ਨੂੰ ਪੌਸ਼ਟਿਕ ਅਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਗਿਆ ਹੈ ਕਿ <5 ਓਮੇਗਾ-6 : ਓਮੇਗਾ-3 ਅਨੁਪਾਤ ਦਾ ਵੀ ਸਿਹਤ ਦੇ ਉੱਤੇ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਹੈ। ਹੋਰ ਤੇਲਾਂ ਵਿੱਚ ਓਮੇਗਾ-3 ਫੈਟੀ ਐਸਿਡ ਦੀ ਮਾਤਰਾ ਦੇ ਘੱਟ ਹੋਣ ਕਾਰਨ ਓਮੇਗਾ-6 : ਓਮੇਗਾ-3 ਦਾ ਅਨੁਪਾਤ ਸੋਇਆਬੀਨ ਤੇਲ (10.2 ਤੋਂ 12.8), ਤਿੱਲ ਦਾ ਤੇਲ (11.6), ਚਾਵਲ ਬ੍ਰੈਨ ਤੇਲ (86.7) ਅਤੇ ਪਾਮ ਤੇਲ (20.2) ਵਿੱਚ ਵੱਧ ਜਾਂਦਾ ਹੈ, ਅਜਿਹਾ ਤੇਲ ਲੰਮੇ ਸਮੇਂ ਲਈ ਗ੍ਰਹਿਣ ਕਰਨਾ ਅਤੇ ਦੂਜੇ ਸਰੋਤਾਂ ਤੋਂ ਓਮੇਗਾ-3 ਦੀ ਪ੍ਰਾਪਤੀ ਤੋਂ ਬਿਨਾਂ ਬੀਮਾਰੀਆਂ ਵਧਾਉਂਦਾ ਹੈ।

ਇਸ ਲਈ ਫੈਟੀ ਐਸਿਡ ਦੀ ਰਚਨਾ ਦੇ ਆਧਾਰ ਤੇ ਚੰਗੇ ਤੇਲ ਦੀ ਚੋਣ ਕਰਨ ਲਈ ਤਿੰਨ ਮਹੱਤਵਪੂਰਨ ਮਾਪਦੰਡ ਹਨ ਜੋ ਹੇਠ ਲਿਖੇ ਹਨ :

★ ਘੱਟ ਸੈਚੂਰੇਟਿਡ ਫੈਟੀ ਐਸਿਡ (<7%)
★ ਵੱਧ ਮੋਨੋਅਨਸੈਚੂਰੇਟਿਡ ਫੈਟੀ ਐਸਿਡ
★ ਓਮੇਗਾ-6 : ਓਮੇਗਾ-3 ਦਾ ਸੰਤੁਲਿਤ ਅਨੁਪਾਤ (5.10:1)

ਜਾਂਚ ਕੀਤੇ ਗਏ ਖਾਣੇ ਵਾਲੇ ਤੇਲਾਂ ਵਿਚੋਂ ਆਮ ਸਰ੍ਹੋਂ ਦੇ ਤੇਲ ਨੂੰ ਸਭ ਤੋਂ ਵਧੀਆ ਮੰਨਿਆ ਗਿਆ ਹੈ ਕਿਉਂਕਿ ਇਹ ਖੁਰਾਕ ਦੀਆਂ ਸਿਫਾਰਿਸ਼ਾਂ ਲਈ ਚੰਗੀ ਤਰ੍ਹਾਂ ਢੁੱਕਵਾਂ ਹੈ ਪ੍ਰੰਤੂ, ਇਸ ਵਿੱਚ ਉੱਚ ਪੱਧਰ ਦਾ ਇਰੂਸਿਕ ਐਸਿਡ (44-52%) ਹੁੰਦਾ ਹੈ ਜੋ ਸਿਹਤ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। PAU ਵਲੋਂ ਤਿਆਰ ਕੀਤੀਆਂ ਕਿਸਮਾਂ ਵਿੱਚ ਉਹ ਸਾਰੇ ਖੁਰਾਕੀ ਗੁਣ ਪਾਏ ਗਏ ਹਨ, ਜਿਹੜੇ ਕਿਸੇ ਪੌਸ਼ਟਿਕ ਤੇਲ ਵਿੱਚ ਹੋਣੇ ਚਾਹੀਦੇ ਹਨ, ਜਿਵੇਂ ਕਿ ਜ਼ਿਆਦਾ MUFA (GSC-7 ਵਿੱਚ 67.6% ਅਤੇ RLC-3 ਵਿੱਚ 40.4%), PUFA ਦੇ ਚੰਗੇ ਸਰੋਤ (GSC-7 ਵਿੱਚ 24.9% ਅਤੇ RLC-3 ਵਿੱਚ 52.1%) ਅਤੇ ਸੰਤੁਲਿਤ ਓਮੇਗਾ-6 : ਓਮੇਗਾ-3 (GSC-7 ਵਿੱਚ 1.9 ਅਤੇ RLC-3 ਵਿੱਚ 2.6)। ਇਹਨਾਂ ਦੋਨਾਂ ਕਿਸਮਾਂ ਵਿੱਚ ਇਰੂਸਿਕ ਐਸਿਡ ਦੀ ਮਾਤਰਾ ਨਾਂ ਦੇ ਬਰਾਬਰ ਹੁੰਦੀ ਹੈ ਇਹ ਸਾਰੇ ਤੱਤ ਇਸ ਗੱਲ ਦਾ ਵਿਸ਼ਵਾਸ ਦਿਵਾਉਂਦੇ ਹਨ ਕਿ ਕਨੋਲਾ ਕੁਆਲਿਟੀ ਸਰ੍ਹੋਂ ਦਾ ਤੇਲ ਖਾਣ ਵਿੱਚ ਸਭ ਤੋਂ ਜ਼ਿਆਦਾ ਪੌਸ਼ਟਿਕ ਹੈ।

ਸਾਰਣੀ 1 : ਖਾਣ ਵਾਲੇ ਤੇਲਾਂ ਦੀ ਫੈਟੀ ਐਸਿਡ ਰੂਪ-ਰੇਖਾ

| ਲ. ਨੰ. | ਖਾਣ ਵਾਲੇ ਤੇਲ | SFA | MUFA ਓਲਿਕ | PUFA ਲਿਨੋਲਿਕ | ਇਰੂਸਿਕ ਲਿਨੋਲੇਨਿਕ | ਓਮੇਗਾ-6 : ਓਮੇਗਾ-3 |
|---|---|---|---|---|---|---|
| 1. | ਸੋਇਆਬੀਨ | 14.3-14.8 | 22.6-25.8 | 55.2-57.3 | 4.3-5.6 | -10.2-12.8 |
| 2. | ਤਿੱਲ | 14.3 | 26.4 | 54.4 | 4.7 | -11.6 |
| 3. | ਸਰ੍ਹੋਂ | 2.2-4.3 | 11.4-14.1 | 16-18.2 | 14.4-16.2 | 48.3-52.51-1.3 |
| 4. | PBR 357* | 3.5 | 12.8 | 21.0 | 17.2 | 44.81.2 |
| 5. | RLC 3* | 6.0 | 40.4 | 37.6 | 14.5 | -2.6 |
| 6. | ਕਨੋਲਾ | 6.1 | 64.5 | 21.2 | 8.1 | -2.6 |
| 7. | GSC 7* | 6.8 | 67.6 | 16.3 | 8.6 | 0.31.9 |
| 8. | ਚਾਵਲ ਬ੍ਰੈਨ | 21.3 | 43.9 | 34.7 | 0.40 | -86.7 |
| 9. | ਪਾਮ ਆਇਲ | 45.95 | 43.4 | 10.1 | 0.5 | -20.2 |
| 10. | ਆਲਿਵ ਆਇਲ | 14.1 | 77.7 | 7.2 | 0.9 | -8.0 |

# ਸਾਡੇ ਸਾਰਿਆਂ ਕੋਲ ਹੈ ਅਲਾਦੀਨ ਦਾ ਚਿਰਾਗ

**ਜੇਕਰ ਤੁਹਾਨੂੰ ਆਪਣੇ ਆਪ ਉੱਤੇ ਭਰੋਸਾ ਹੋਵੇ ਅਤੇ ਦ੍ਰਿੜ੍ਹ ਇਰਾਦਾ ਹੋਵੇ ਤਾਂ ਵੱਡੀ ਤੋਂ ਵੱਡੀ ਜੰਗ ਵੀ ਜਿੱਤੀ ਜਾ ਸਕਦੀ ਹੈ । ਤੁਸੀਂ ਪੋਰਸ ਅਤੇ ਸਿਕੰਦਰ ਦੀ ਕਹਾਣੀ ਜ਼ਰੂਰ ਪੜ੍ਹੀ ਹੋਵੇਗੀ ਉਸ ਅਨੁਸਾਰ ਸਿਕੰਦਰ ਨੂੰ ਮਹਾਨ ਤੇ ਪੋਰਸ ਨੂੰ ਹਾਰਿਆ ਹੋਇਆ ਦਸਿਆ ਗਿਆ ਹੈ । ਸਿਕੰਦਰ ਨੇ ਪੋਰਸ ਉੱਤੇ ਹਮਲਾ ਕੀਤਾ ਕੁਝ ਬੁਕਲਦੇ ਸੱਪ ਸਿਕੰਦਰ ਨਾਲ ਜਾ ਰਲੇ ਅਤੇ ਪੋਰਸ ਫੜਿਆ ਗਿਆ । ਸਿਕੰਦਰ ਨੇ ਜਦੋਂ ਪੋਰਸ ਨੂੰ ਪੁੱਛਿਆ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਉਸ ਸਿਰ ਉੱਚਾ ਕਰਕੇ ਆਖਿਆ ਕਿ ਮੇਰੇ ਨਾਲ ਉਹ ਹੀ ਸਲੂਕ ਕਰੋ ਜੋ ਇੱਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਕਰਦਾ ਹੈ ।**

ਤੁਸੀਂ ਅਲਾਦੀਨ ਦੇ ਚਿਰਾਗ ਦੀ ਕਹਾਣੀ ਜ਼ਰੂਰ ਸੁਣੀ ਹੋਵੇਗੀ । ਇਸੇ ਤਰ੍ਹਾਂ ਅਲਫ਼ਲੈਲਾ ਅਤੇ ਅਲੀਬਾਬਾ ਚਾਲੀ ਚੋਰ ਬਾਰੇ ਵੀ ਜਾਣਿਆ ਹੋਵੇਗਾ । ਇਨ੍ਹਾਂ ਕਹਾਣੀਆਂ ਦੀ ਸਿਰਜਣਾ ਇਰਾਕ ਦੀ ਰਾਜਧਾਨੀ ਬਗਦਾਦ ਵਿਖੇ ਹੋਈ । ਬਗਦਾਦ ਨੂੰ ਦੁਨੀਆਂ ਦੇ ਉਨ੍ਹਾਂ ਕੁਝ ਕੇਂਦਰਾਂ ਵਿੱਚੋਂ ਜਾਣਿਆ ਜਾਂਦਾ ਹੈ ਜਿੱਥੇ ਸਭਿਆਚਾਰ ਵਿਕਸਤ ਹੋਇਆ । ਬਗਦਾਦ ਨੂੰ ਗਿਆਨ ਦਾ ਮਹਾਨ ਕੇਂਦਰ ਮੰਨਿਆ ਜਾਂਦਾ ਸੀ ਇਸੇ ਕਰਕੇ ਗੁਰੂ ਨਾਨਕ ਸਾਹਿਬ ਵੀ ਇਥੇ ਗਏ ਸਨ । ਇਨ੍ਹਾਂ ਕਹਾਣੀਆਂ ਵਿੱਚ ਮਨੁੱਖੀ ਸਿਆਣਪ ਝਲਕ ਮਾਰਦੀ ਹੈ । ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਨੂੰ ਕੁਦਰਤ ਨੇ ਅਸੀਮਤ ਸਿਆਣਪ ਦੀ ਬਖਸ਼ਿਸ਼ ਕੀਤੀ ਹੈ ਜਿਸ ਦੀ ਵਰਤੋਂ ਕਰਕੇ ਉਹ ਵੱਡੀ ਪ੍ਰਾਪਤੀ ਕਰ ਸਕਦਾ ਹੈ । ਜੇਕਰ ਮਨੁੱਖੀ ਦਿਮਾਗ ਦੀ ਸ਼ਕਤੀ ਦਾ ਅੰਕੜਾ 100 ਮੰਨ ਲਿਆ ਜਾਵੇ ਤਾਂ ਆਮ ਆਦਮੀ ਮਸਾਂ 20% ਤੋਂ ਵੀ ਘੱਟ ਇਸ ਸ਼ਕਤੀ ਦੀ ਵਰਤੋਂ ਕਰਦਾ ਹੈ । ਸਾਡੇ ਦੇਸ਼ ਵਿੱਚ ਇਸ ਨੂੰ 16 ਕਲਾਂ ਆਖਿਆ ਜਾਂਦਾ ਹੈ । ਇਹ ਵੀ ਮੰਨਿਆ ਜਾਂਦਾ ਹੈ ਕਿ ਸੋਲਾਂ ਕਲਾਂ ਕੇਵਲ ਪ੍ਰਮਾਤਮਾ ਕੋਲ ਹੀ ਹਨ । ਇਸ ਸ਼ਕਤੀ ਰੂਪੀ ਚਿਰਾਗ ਸਾਰਿਆਂ ਕੋਲ ਹੈ । ਅਸੀਂ ਇਸ ਚਿਰਾਗ ਤੋਂ ਜੋ ਚਾਹੁੰਦੇ ਹਾਂ ਉਹ ਹੀ ਪ੍ਰਾਪਤ ਹੋ ਜਾਂਦਾ ਹੈ । ਮਿਸਾਲ ਦੇ ਤੌਰ ਤੇ ਜਦੋਂ ਅਸੀਂ ਸੋਚਦੇ ਹਾਂ, ਬਹੁਤ ਥੱਕ ਗਏ ਹਾਂ ਹੁਣ ਸੌਂ ਜਾਣਾ ਚਾਹੀਦਾ ਹੈ ਨੀਂਦ ਆਉਣੀ ਸ਼ੁਰੂ ਹੋ ਜਾਵੇਗੀ । ਤੁਸੀਂ ਕੋਈ ਪ੍ਰੋਗਰਾਮ ਵੇਖਦੇ ਹੋ ਤਾਂ ਜੇਕਰ ਤੁਹਾਨੂੰ ਪਸੰਦ ਹੋਵੇਗਾ ਤਾਂ ਤੁਸੀਂ ਬਿਲਕੁਲ ਅਕੇਵਾਂ ਜਾਂ ਸੁੱਸਤੀ ਮਹਿਸੂਸ ਨਹੀਂ ਕਰੋਗੇ । ਜੇਕਰ ਤੁਸੀਂ ਦ੍ਰਿੜ੍ਹ ਇਰਾਦਾ ਬਣਾ ਲਿਆ ਹੈ ਕਿ ਮੈਂ ਸਾਰਾ ਕੰਮ ਖ਼ਤਮ ਕਰਕੇ ਹੀ ਸੋਵਾਂਗਾ ਤਾਂ ਨੀਂਦ ਤੁਹਾਡੇ ਨੇੜੇ ਨਹੀਂ ਢੁਕੇਗੀ । ਤੁਸੀਂ ਸਵੇਰੇ ਸੈਰ ਕਰਕੇ ਥੱਕ ਕੇ ਕਿਸੇ ਬੈਂਚ ਉੱਤੇ ਆਰਾਮ ਕਰਨ ਲਈ ਬੈਠੇ ਹੋ ਅਚਾਨਕ ਤੁਹਾਨੂੰ ਉਥੇ ਤੁਹਾਡੇ ਵਲ ਆਉਂਦੇ ਇੱਕ ਸੱਪ ਨਜ਼ਰ ਆ ਗਿਆ ਤਾਂ ਤੁਸੀਂ ਇਹ ਆਖ ਚਲੋ ਭੱਜੋ ਭਜਣਾ ਸ਼ੁਰੂ ਕਰ ਦਿੰਦੇ ਹੋ । ਤੁਸੀਂ ਤਾਂ ਥੱਕੇ ਹੋਏ ਸੀ ਫਿਰ ਇਤਨੀ ਸ਼ਕਤੀ ਕਿੱਥੋਂ ਆ ਗਈ । ਇਹ ਸ਼ਕਤੀ ਤੁਹਾਡੇ ਗੁਲਾਮ ਜਿੰਨ ਨੇ ਦਿੱਤੀ ਹੈ । ਜਿਹੜੇ ਛੇਤੀ ਹੀ ਢੇਰੀ ਢਾਹ ਬੈਠਦੇ ਹਨ ਉਹ ਆਪਣੀ ਸ਼ਕਤੀ ਦੀ ਗਲਤ ਵਰਤੋਂ ਕਰਦੇ ਹਨ ਜਦੋਂ ਇਹ ਆਖਦੇ ਹੋ ਚਲੋ ਛੱਡੋ ਇਹ ਮੇਰੇ ਵਸ ਦਾ ਕੰਮ ਨਹੀਂ ਤਾਂ ਤੁਹਾਡਾ ਜਿੰਨ ਹੁਕਮ ਮੰਨਦੇ ਹੋਏ ਤੁਹਾਨੂੰ ਨਿਢਾਲ ਕਰ ਦਿੰਦਾ ਹੈ । ਇਸ ਸ਼ਕਤੀ ਦਾ ਚਮਤਕਾਰ ਉਹ ਵਿਅਕਤੀ ਹੀ ਦੇਖਦੇ ਹਨ ਜਿਨ੍ਹਾਂ ਦੇ ਇਰਾਦੇ ਦ੍ਰਿੜ੍ਹ ਹੁੰਦੇ ਹਨ ਅਤੇ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ ।

ਆਪਣੇ ਅੰਦਰ ਦੀ ਸ਼ਕਤੀ ਤੋਂ ਬਹੁਤ ਵਾਰ ਅਸੀਂ ਅਣਜਾਣ ਹੁੰਦੇ ਹਾਂ ਪਰ ਕਈ ਵਾਰ ਸਾਡੇ ਮਾਪੇ ਜਾਂ ਅਧਿਆਪਕ ਇਸ ਤੋਂ ਜਾਣੂ ਕਰਵਾ ਕੇ ਸਫ਼ਲਤਾ ਦੇਰਾਹੇ ਤੋਰ ਦਿੰਦੇ ਹਨ । ਮੇਰੇ ਇੱਕ ਜਾਣੂ ਦੇ ਬੇਟੇ ਦੇ ਇਮਤਿਹਾਨ ਵਿੱਚ 60% ਅੰਕ ਆਏ ਸਨ । ਪਿਤਾ ਨੇ ਉਸ ਨੂੰ ਝਿੜਕ ਦੀ ਥਾਂ ਉਸ ਦੀ ਪ੍ਰਸ਼ੰਸਾ ਕੀਤੀ ਤੇ ਆਖਿਆ ਸ਼ਾਬਾਸ਼ ਬਹੁਤ ਵਧੀਆ, ਇਸੇ ਤਰ੍ਹਾਂ ਥੋੜੀ ਹੋਰ ਮਿਹਨਤ ਕਰ ਤੇਰੇ 80% ਨੰਬਰ ਆ ਜਾਣੇ ਹਨ ਫਿਰ ਆਪਣੀ ਮਰਜ਼ੀ ਦੇ ਕਿਸੇ ਵੀ ਕਾਲਿਜ ਵਿੱਚ ਦਾਖ਼ਲਾ ਹੋ ਜਾਵੇਗਾ । ਸਚਮੁੱਚ ਉਹ ਅਗਲੀ ਵਾਰ 80% ਅੰਕ ਲੈ ਗਿਆ ਤੇ ਆਪਣੀ ਮਰਜ਼ੀ ਦੇ ਕਾਲਿਜ ਅਤੇ ਵਿਸ਼ੇ ਵਿੱਚ ਦਾਖਲ ਹੋ ਗਿਆ । ਉਸ ਦਾ ਇੱਕ ਮਿੱਤਰ ਸੀ ਜਿਹੜਾ ਹਮੇਸ਼ਾਂ ਉਸ ਤੋਂ ਅੱਗੇ ਰਹਿੰਦਾ ਸੀ ਉਸ ਦੇ 65% ਅੰਕ ਆਏ । ਉਸ ਦੇ ਪਿਤਾ ਨੇ ਅੰਕ ਵੇਖ ਝਿੜਕਣਾ ਸ਼ੁਰੂ ਕਰ ਦਿੱਤਾ, ਅਸੀਂ ਤੇਰੇ ਉੱਤੇ ਇਤਨੇ ਪੈਸੇ ਖਰਚ ਕੀਤੇ ਤੇ ਤੂੰ ਕੇਵਲ 65% ਨੰਬਰ ਲੈ ਕੇ ਆਇਆ । ਪੜ੍ਹਾਈ ਤੇਰੇ ਬਸ ਦੀ ਨਹੀਂ ਇਹ ਤੈਥੋਂ ਨਹੀਂ ਹੋਣੀ ਅਸੀਂ ਤਾਂ ਪੈਸੇ ਬਰਬਾਦ ਕਰ ਰਹੇ ਹਾਂ । ਉਸ ਬੱਚੇ ਦੇ ਮੰਨ ਉੱਤੇ ਅਜੇਹਾ ਅਸਰ ਹੋਇਆ ਕਿ ਅਗਲੀ ਵਾਰ ਉਹ ਤੀਜੇ ਦਰਜੇ ਵਿੱਚ ਪਾਸ ਹੋਇਆ । ਮੈਂ ਆਪਣੇ ਇੱਕ ਅਧਿਆਪਕ ਦੀ ਕਹਾਣੀ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ । ਉਦੋਂ ਬਹੁਤ ਘੱਟ ਸਕੂਲ ਹੁੰਦੇ ਸਨ । ਸਕੂਲ ਵੀ ਸਰਕਾਰੀ ਹੀ ਹਨ ਮੇਰੇ ਅਧਿਆਪਕ ਨੂੰ ਲਾਗਲੇ ਪਿੰਡ ਪੜ੍ਹਨ ਜਾਣਾ ਪੈਂਦਾ ਸੀ । ਪੰਜਵੀਂ ਤੱਕ ਠੀਕ ਰਿਹਾ ਜਦੋਂ ਹਾਈ ਸਕੂਲ ਵਿੱਚ ਗਿਆ ਤਾਂ ਬੁਰੀ ਸੰਗਤ ਵਿੱਚ ਪੈ ਗਿਆ । ਕਈ ਵਾਰ ਸਕੂਲ ਪਹੁੰਚਦਾ ਹੀ ਨਹੀਂ, ਰਾਹ ਵਿਚ ਹੀ ਖੇਲਦੇ ਰਹਿਣਾ, ਸਕੂਲ ਦਾ ਕੰਮ ਕਰਨਾ ਹੀ ਨਹੀਂ । ਉਦੋਂ ਅਧਿਆਪਕਾਂ ਕੋਲ ਸੋਟੀ ਹੁੰਦੀ ਸੀ । ਜਿਹੜਾ ਕੰਮ ਨਾ ਕਰ ਕੇਆਵੇ ਤਾਂ ਹੱਥਾਂ ਉੱਤੇ ਜ਼ੋਰ ਕੇ ਸੋਟੀ ਮਾਰਦੇ ਹਨ । ਉਹ ਸੋਟੀਆਂ ਖਾਦ ਦਾ ਇਤਨਾ ਆਦੀ ਹੋ ਗਿਆ ਕਿ ਜਦੋਂ ਵੀ ਮਾਸਟਰ ਨੇ ਖੜ੍ਹਾ ਕੇ ਕੰਮ ਬਾਰੇ ਪੁਛਦਾ ਤਾਂ ਉਸ ਸੋਟੀ ਖਾਣ ਲਈ ਹੱਥ ਅੱਗੇ ਕਰ ਦੇਣੇ । ਉਹ ਸਤਵੀਂ ਵਿੱਚੋਂ ਫ਼ੇਲ ਹੋ ਗਿਆ ਤੇ ਉਸਨੇ ਆਪਣੇ ਬਾਪੂ ਨੂੰ ਆਖਿਆ ਮੈਂ ਹੋਰ ਨਹੀਂ ਪੜ੍ਹਨਾ ਤੁਹਾਡੇ ਨਾਲ ਖੇਤੀ ਕਰਾਂਗਾ । ਬਾਪੂ ਆਪ ਅਨਪੜ੍ਹ ਸੀ, ਉਨ੍ਹਾਂ ਦਾ ਇਕੋ ਇੱਕ ਪੁੱਤਰ ਸੀ ਤੇ ਉਹ ਚਾਹੁੰਦੇ ਸਨ ਕਿ ਘਟੋ-ਘੱਟ ਅੱਠ ਜਮਾਤਾਂ ਤਾਂ ਪਾਸ ਕਰ ਲਵੇ । ਉਦੋਂ ਅੱਠਵੀਂ ਪਾਸ ਨੂੰ ਵੱਡਾ ਸਮਝਿਆ ਜਾਂਦਾ ਸੀ । ਤੁਸੀਂ ਇਹ ਲੋਕ ਕਹਾਣੀ ਤਾਂ ਜ਼ਰੂਰ ਸੁਣੀ ਹੋਵੇਗੀ, 'ਉਸ ਨਾਲ ਕੀ ਬੋਲਣਾ ਜਿਸ ਮਿਡਲ ਪਾਸ ਨਾ ਕੀਤਾ ।' ਬਾਪੂ ਦੇ ਜ਼ੋਰ ਦੇਣ ਉੱਤੇ ਉਹ ਸਕੂਲ ਜਾਣ ਲਈ ਰਾਜੀ ਹੋ ਗਿਆ ਪਰ ਸ਼ਰਤ ਰੱਖ ਦਿੱਤੀ ਮੈਂ ਉਸ ਸਕੂਲ ਵਿੱਚ ਨਹੀਂ ਜਾਵਾਂਗਾ । ਕੁਦਰਤੀ ਉਨ੍ਹਾਂ ਦੇ ਪਿੰਡ ਦੇ ਲਾਗੇ ਇੱਕ ਹੋਰ ਮਿਡਲ ਸਕੂਲ ਸੀ । ਇਸ ਨੂੰ ਉਥੇ ਦਾਖਲ ਕਰਵਾ ਦਿੱਤਾ । ਉਦੋਂ ਸਕੂਲਾਂ ਵਿੱਚ ਉਰਦੂ ਅਤੇ ਫ਼ਾਰਸੀ ਪੜ੍ਹਾਈ ਜਾਂਦੀ ਸੀ । ਫ਼ਾਰਸੀ ਦੇ ਅਧਿਆਪਕ ਨੇ ਸਬਕ ਪੜ੍ਹਾਇਆ ਤੇ ਅਗਲੇ ਦਿਨ ਯਾਦ ਕਰਕੇ ਆਉਣ ਨੂੰ ਆਖਿਆ । ਸਾਡੇ ਇਹ ਅਧਿਆਪਕ ਸਰੀਰਕ ਤੌਰ ਉੱਤੇ ਦਰਸ਼ਨੀ ਸਨ । ਦੂਜੇ ਦਿਨ ਮੌਲਵੀ ਸਾਹਿਬ ਨੇ ਉਸ ਨੂੰ ਆਖਿਆ ਚਲ ਬਈ ਸਬਕ ਸੁਣਾ । ਇਸ ਨੇ ਦੋਵੇਂ ਹੱਥ ਅੱਗੇ ਕਰਦੇ ਹੋਇਆਂ ਉੱਤਰ ਦਿੱਤਾ ਜੀ ਆਉਂਦਾ ਨਹੀਂ ਹੈ । "ਅਧਿਆਪਕ ਨੇ ਸੋਟੀ ਮਾਰਨ ਦੀ ਥਾਂ ਆਖਿਆ", ਗਲ ਸੁਣ ਸਾਰੀ ਜਮਾਤ ਵਿੱਚੋਂ ਤੂੰ ਸਭ ਤੋਂ ਉੱਚਾ ਅਤੇ ਤਕੜਾ ਮੁੰਡਾ ਤੇਰੇ ਲਈ ਇਹ ਸਬਕ ਯਾਦ ਕਰਨਾ ਕੀ ਮੁਸ਼ਕਿਲ ਹੈ । ਚਲ ਬੈਠ ਕਲ ਨੂੰ ਯਾਦ ਕਰ ਕੇ ਆਵੀਂ ਤੇ ਅਗਲਾ ਸਬਕ ਪੜ੍ਹਾ ਦਿੱਤਾ । ਅਧਿਆਪਕ ਦੇ ਇਨ੍ਹਾਂ ਸ਼ਬਦਾਂ ਨੇ ਅੰਦਰ ਬੈਠੇ ਜਿੰਨ ਨੂੰ ਸੁਚੇਤ ਕਰ ਦਿੱਤਾ ਘਰ ਜਾ ਕੇ ਰਟਾ ਮਾਰਿਆ ਅਤੇ ਸਬਕ ਯਾਦ ਕਰ ਲਿਆ । ਦੂਜੇ ਦਿਨ ਅਧਿਆਪਕ ਨੇ ਉਸ ਨੂੰ ਸਬਕ ਸੁਣਾਉਣ ਲਈ ਆਖਿਆ ਤੇ ਸਾਡੇ ਨਾਇਕ ਨੇ ਫਟਾਫ਼ਟ ਸਾਰਾ ਸਬਕ ਸੁਣਾ ਦਿੱਤਾ । ਅਧਿਆਪਕ ਨੇ ਇਹ ਨਹੀਂ ਆਖਿਆ ਕਿ ਕਲ ਵਾਲਾ ਸਬਕ ਯਾਦ ਕਰਨਾ ਸੀ ਸਗੋਂ ਆਖਣ ਲੱਗੇ, "ਸ਼ਾਬਾਸ਼ ਜੇਕਰ ਇਸੇ ਤਰ੍ਹਾਂ ਮਿਹਨਤ ਕਰੇਂਗਾ ਤਾਂ ਤੈਨੂੰ ਅੱਠਵੀਂ ਵਿੱਚੋਂ ਵਜ਼ੀਫ਼ਾ ਮਿਲ ਜਾਵੇਗਾ, ਤੇ ਸਚਮੁੱਚ ਉਸ ਨੂੰ ਅੱਠਵੀਂ ਵਿੱਚ ਵਜ਼ੀਫਾ ਮਿਲ ਗਿਆ । ਉਹ ਦੇਸ਼ ਅਤੇ ਵਿਦੇਸ਼ ਵਿੱਚ ਬਹੁਤ ਉੱਚੇ ਅਹੁਦਿਆਂ ਤੇ ਰਹੇ । ਉਨ੍ਹਾਂ ਦਾ ਸ਼ੁਮਾਰ ਦੇਸ਼ ਦੇ ਹੀ ਨਹੀਂ ਸਗੋਂ ਸੰਸਾਰ ਦੇ ਚੋਟੀ ਦੇ ਖੇਤੀ ਅਰਥਸ਼ਾਸਤਰੀਆਂ ਵਿੱਚ ਕੀਤਾ ਜਾਂਦਾ ਹੈ ।



ਡਾ. ਰਣਜੀਤ ਸਿੰਘ

ਤੁਸੀਂ ਐਡੀਸਨ ਦਾ ਨਾਮ ਤਾਂ ਸੁਣਿਆ ਹੀ ਹੋਵੇਗਾ ਜਿਸ ਨੇ ਬਲਬ ਬਣਾ ਕੇ ਹਨੇਰੇ ਵਿੱਚ ਰੋਸ਼ਨੀ ਕੀਤੀ । ਉਸ ਨੇ ਸਭ ਤੋਂ ਵੱਧ ਵਿਗਿਆਨਕ ਖੋਜਾਂ ਕੀਤੀਆਂ ਹਨ । ਇਹ ਉਸ ਦੇ ਦ੍ਰਿੜ੍ਹ ਇਰਾਦੇ ਅਤੇ ਸਫ਼ਲਤਾ ਦੇ ਯਕੀਨ ਕਾਰਨ ਹੀ ਹੋ ਸਕਿਆ ਹੈ । ਆਖਿਆ ਜਾਂਦਾ ਹੈ ਕਿ ਬਲਬ ਬਣਾਉਣ ਸਮੇਂ ਉਹ ਕੋਈ ਇੱਕ ਹਜ਼ਾਰ ਵਾਰ ਫ਼ੇਲ ਹੋਇਆ ਪਰ ਉਸ ਨੇ ਇਸ ਨੂੰ ਸਫ਼ਲਤਾ ਵਲ ਪੁਟਿਆ ਇੱਕ ਹੋਰ ਕਦਮ ਆਖਿਆ । ਇਨ੍ਹਾਂ ਪ੍ਰਾਪਤੀਆਂ ਲਈ ਉਸ ਦੀ ਮਾਂ ਦੀ ਅਹਿਮ ਭੂਮਿਕਾ ਸੀ । ਇਕ ਦਿਨ ਜਦੋਂ ਸਕੂਲ ਤੋਂ ਛੁੱਟੀ ਹੋਈ ਤਾਂ ਉਸ ਦੀ ਟੀਚਰ ਨੇ ਇੱਕ ਚਿੱਠੀ ਦਿੱਤੀ ਕਿ ਉਹ ਆਪਣੀ ਮਾਂ ਨੂੰ ਦੇ ਦੇਵੀਂ । ਮਾਂ ਨੇ ਜਦੋਂ ਚਿੱਠੀ ਪੜ੍ਹੀ ਤਾਂ ਪਹਿਲਾਂ ਉਹ ਕੁਝ ਘਬਰਾ ਗਈ ਪਰ ਛੇਤੀ ਸੰਭਲ ਗਈ । ਚਿੱਠੀ ਵਿੱਚ ਲਿਖਿਆ ਸੀ ਕਿ ਤੁਹਾਡਾ ਬੱਚਾ ਮੰਦਬੁੱਧੀ ਹੈ । ਇਹ ਸਾਡੇ ਸਕੂਲ ਵਿੱਚ ਪੜ੍ਹਨ ਦੇ ਕਾਬਲ ਨਹੀਂ ਹੈ । ਐਡੀਸਨ ਨੇ ਜਦੋਂ ਪੁੱਛਿਆ ਕਿ ਚਿੱਠੀ ਵਿੱਚ ਕੀ ਲਿਖਿਆ ਹੈ ਤਾਂ ਮਾਂ ਆਪਣ ਲੱਗੀ, ਤੁਹਾਡਾ ਬੱਚਾ ਆਮ ਬੱਚਿਆਂ ਨਾਲੋਂ ਵੱਧ ਹੁਸ਼ਿਆਰ ਹੈ ਇੱਥੇ ਕਲਾਸ ਵਿੱਚ ਤਾਂ ਉਸ ਦਾ ਸਮਾਂ ਬਰਬਾਦ ਹੀ ਹੋਵੇਗਾ ਉਸਨੂੰ ਘਰ ਆਪਣੇ ਆਪ ਪੜ੍ਹਨ ਦਿੱਤਾ ਜਾਵੇ । ਮਾਂ ਦੇ ਇਨ੍ਹਾਂ ਬੋਲਾਂ ਨੇ ਬੱਚੇ ਅੰਦਰ ਸੁੱਤੇ ਪਏ ਜਿੰਨ ਨੂੰ ਜਗਾ ਦਿੱਤਾ ਤੇ ਬੱਚੇ ਨੇ ਪੂਰੀ ਲਗਨ ਨਾਲ ਪੜ੍ਹਾਈ ਸ਼ੁਰੂ ਕੀਤੀ ਅਤੇ ਦੁਨੀਆਂ ਦਾ ਸਭ ਤੋਂ ਪ੍ਰਸਿੱਧ ਵਿਗਿਆਨੀ ਬਣਿਆ ।

ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਆਪਣੀ ਤਾਕਤ ਉੱਤੇ ਭਰੋਸਾ ਨਹੀਂ ਹੁੰਦਾ ਜਾਂ ਉਹ ਅਣਜਾਣ ਹੁੰਦੇ ਹਨ ਉਹ ਹਮੇਸ਼ਾਂ ਸ਼ਿਕਾਇਤ ਕਰਦੇ ਹਨ ਤੇ ਦੂਜਿਆਂ ਦੀ ਸਫ਼ਲਤਾ ਦੇਖ ਝੂਰਦੇ ਹਨ । ਉਨ੍ਹਾਂ ਦਾ ਅੰਦਰਲਾ ਜਿੰਨ ਇਨ੍ਹਾਂ ਖਾਹਿਸ਼ਾਂ ਨੂੰ ਪੂਰੀਆਂ ਕਰਨ ਵਿੱਚ ਸਹਾਇਤਾ ਕਰਦਾ ਹੈ ਤੇ ਉਹ ਸਾਰੀ ਜ਼ਿੰਦਗੀ ਦੁਖੀ ਹੀ ਰਹਿੰਦੇ ਹਨ ।

ਜੇਕਰ ਤੁਹਾਨੂੰ ਆਪਣੇ ਆਪ ਉੱਤੇ ਭਰੋਸਾ ਹੋਵੇ ਅਤੇ ਦ੍ਰਿੜ੍ਹ ਇਰਾਦਾ ਹੋਵੇ ਤਾਂ ਵੱਡੀ ਤੋਂ ਵੱਡੀ ਜੰਗ ਵੀ ਜਿੱਤੀ ਜਾ ਸਕਦੀ ਹੈ । ਤੁਸੀਂ ਪੋਰਸ ਅਤੇ ਸਿਕੰਦਰ ਦੀ ਕਹਾਣੀ ਜ਼ਰੂਰ ਪੜ੍ਹੀ ਹੋਵੇਗੀ ਉਸ ਅਨੁਸਾਰ ਸਿਕੰਦਰ ਨੂੰ ਮਹਾਨ ਤੇ ਪੋਰਸ ਨੂੰ ਹਾਰਿਆ ਹੋਇਆ ਦਸਿਆ ਗਿਆ ਹੈ । ਸਿਕੰਦਰ ਨੇ ਪੋਰਸ ਉੱਤੇ ਹਮਲਾ ਕੀਤਾ ਕੁਝ ਬੁਕਲਦੇ ਸੱਪ ਸਿਕੰਦਰ ਨਾਲ ਜਾ ਰਲੇ ਅਤੇ ਪੋਰਸ ਫੜਿਆ ਗਿਆ । ਸਿਕੰਦਰ ਨੇ ਜਦੋਂ ਪੋਰਸ ਨੂੰ ਪੁੱਛਿਆ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਉਸ ਸਿਰ ਉੱਚਾ ਕਰ ਕੇ ਆਖਿਆ ਕਿ ਮੇਰੇ ਨਾਲ ਉਹ ਹੀ ਸਲੂਕ ਕਰੋ ਜੋ ਇੱਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਕਰਦਾ ਹੈ । ਇਹ ਸੁਣ ਸਿਕੰਦਰ ਨੂੰ ਗੁੱਸਾ ਆ ਗਿਆ ਤੇ ਪੋਰਸ ਨੂੰ ਕੈਦ ਕਰ ਲਿਆ । ਪੋਰਸ ਨੂੰ ਭਰੋਸਾ ਸੀ ਕਿ ਉਸ ਦੇ ਵਫ਼ਾਦਾਰ ਸਾਥੀ ਜ਼ਰੂਰ ਕੈਦ ਵਿੱਚੋਂ ਕੱਢ ਲੈਣਗੇ । ਇੰਝ ਹੀ ਹੋਇਆ । ਉਸਦੇ ਵਫ਼ਾਦਾਰਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਰਾਤ ਦੇ ਹਨੇਰੇ ਵਿੱਚ ਪੋਰਸ ਨੂੰ ਕੈਦ ਵਿੱਚੋਂ ਕੱਢ ਲਿਆ । ਪੋਰਸ ਨੇ ਮੁੜ ਆਪਣੀ ਫੌਜ਼ ਇਕੱਠੀ ਕੀਤੀ ਅਤੇ ਸਿਕੰਦਰ ਦੀ ਫੌਜ਼ ਉੱਤੇ ਗੋਰੀਲੇ ਹਮਲੇ ਸ਼ੁਰੂ ਕਰ ਦਿੱਤੇ । ਸਿਕੰਦਰ ਦੇ ਸਿਪਾਹੀ ਜਦੋਂ ਬਿਆਸ ਦਰਿਆ ਨੂੰ ਪਾਰ ਕਰਨ ਦਾ ਯਤਨ ਕਰਦੇ ਤਾਂ ਉਨ੍ਹਾਂ ਨੂੰ ਡੋਬ ਦਿੱਤਾ ਜਾਂਦਾ । ਬਰਸਾਤ ਸ਼ੁਰੂ ਹੋ ਗਈ । ਪੋਰਸ ਦੀ ਫੌਜ ਅਤੇ ਮਛਰਾਂ ਨੇ ਸਿਕੰਦਰ ਦੇ ਫੌਜੀਆਂ ਨੂੰ ਇਤਨਾ ਪਰੇਸ਼ਾਨ ਕੀਤਾ ਕਿ ਉਨ੍ਹਾਂ ਨੇ ਵਾਪਿਸ ਜਾਣ ਦਾ ਫ਼ੈਸਲਾ ਕਰ ਲਿਆ । ਸਿਕੰਦਰ ਨੇ ਵਧੇਰੇ ਸਮਝਾਇਆ ਪਰ ਫੌਜ ਅੱਗੇ ਨਾ ਵਧੀ ਤੇ ਵਾਪਸ ਮੁੜ ਪਈ । ਸਾਰੀ ਦੁਨੀਆਂ ਨੂੰ ਫ਼ਤਿਹ ਕਰਨ ਲਈ ਤੁਰੇ ਸਿਕੰਦਰ ਤੋਂ ਇਹ ਨਮੋਸ਼ੀ ਝਲੀ ਨਾ ਗਈ ਤੇ ਰਾਹ ਵਿੱਚ ਹੀ ਰੱਬ ਨੂੰ ਪਿਆਰਾ ਹੋ ਗਿਆ ।

ਮਹਾਰਾਜਾ ਰਣਜੀਤ ਸਿੰਘ ਕੇਵਲ 12 ਸਾਲ ਦਾ ਸੀ ਜਦੋਂ ਉਹ ਆਪਣੀ ਮਿਸਲ ਦਾ ਸਰਦਾਰ ਬਣਿਆ । ਇਹ ਮਿਸਲ ਸਭ ਤੋਂ ਛੋਟੀ ਸੀ । ਅਬਦਾਲੀ ਦੇ ਪੋਤਰੇ ਨੇ ਸੋਚਿਆ ਕਿ ਹੁਣ ਮੁੜ ਹਿੰਦੋਸਤਾਨ ਨੂੰ ਲੁੱਟਣ ਦਾ ਸੁਨਿਹਰੀ ਮੌਕਾ ਹੈ । ਇਹ ਇੱਕ ਅੱਖ ਵਾਲਾ 12 ਸਾਲ ਦਾ ਲੜਕਾ ਮੇਰਾ ਕੀ ਮੁਕਾਬਲਾ ਕਰੇਗਾ । ਰਣਜੀਤ ਸਿੰਘ ਨੂੰ ਆਪਣੇ ਆਪ ਤੇ ਭਰੋਸਾ ਸੀ ਚੜ੍ਹਦੀ ਕਲਾ ਵਾਲੇ ਲੀਡਰ ਦੀ ਅਗਵਾਈ ਵਿੱਚ ਹੀ ਫੌਜਾਂ ਜਿਤਦੀਆਂ ਹਨ । ਅਬਦਾਲੀ ਦੇ ਪੋਤਰੇ ਨੂੰ ਅਜੇਹੀ ਹਾਰ ਹੋਈ ਕਿ ਮੁੜ ਇਸ ਪਾਸਿਉਂ ਭਾਰਤ ਉੱਤੇ ਕਿਸੇ ਦਾ ਵੀ ਹਮਲਾ ਕਰਨ ਦਾ ਹੌਂਸਲਾ ਨਹੀਂ ਪਿਆ ।

ਕੁਝ ਸਮਾਂ ਪਹਿਲਾਂ ਆਈ ਏ ਐਸ ਵਿੱਚ ਪਹਿਲੇ ਨੰਬਰ ਉੱਤੇ ਕੇਰਲਾ ਦੀ ਇੱਕ ਕੁੜੀ ਆਈ ਸੀ । ਆਪਣੀ ਕਹਾਣੀ ਸੁਣਾਉਂਦਿਆਂ ਉਸਨੇ ਦੱਸਿਆ ਕਿ ਮੈਂ ਬੈਂਕ ਵਿੱਚ ਨੌਕਰੀ ਕਰਦੀ ਸਾਂ ਤੇ ਮੇਰੀ ਇੱਛਾ ਆਈ ਏ ਐਸ ਅਫ਼ਸਰ ਬਣਨ ਦੀ ਸੀ । ਤਿਆਰੀ ਕਰਕੇ ਇਮਿਤਿਹਾਨ ਦਿੱਤਾ ਪਰ ਫ਼ੇਲ ਹੋ ਗਈ । ਦੂਜੇ ਸਾਲ ਫਿਰ ਇਮਤਿਹਾਨ ਦਿੱਤਾ ਪਰ ਇੰਟਰਵਿਊ ਵਿੱਚ ਰਹਿ ਗਈ ਤੇ ਮੈਂ ਮੁੜ ਕੋਸ਼ਿਸ਼ ਨਾ ਕਰਨ ਦਾ ਫ਼ੈਸਲਾ ਕਰ ਲਿਆ । ਇੱਕ ਦਿਨ ਮੈਂ ਦਫ਼ਤਰ ਤੋਂ ਘਰ ਆ ਕੇ ਬਾਹਰ ਬੈਠੀ ਚਾਹ ਪੀ ਰਹੀ ਸੀ ਕਿ ਮੈਥੋਂ ਖੰਡ ਦੇ ਕੁਝ ਕਿਣਕੇ ਹੇਠਾਂ ਡਿੱਗ ਪਏ । ਉੱਥੇ ਇੱਕ ਕੀੜੀ ਆਈ ਉਸ ਖੰਡ ਦਾ ਇੱਕ ਕਿਣਕਾ ਚੁੱਕਿਆ ਤੇ ਤੁਰ ਪਈ । ਥੋਹੜੀ ਦੂਰ ਜਾਣ ਤੇ ਕਿਣਕਾ ਹੇਠਾਂ ਡਿਗਿਆ ਪਰ ਕੀੜੀ ਨੇ ਮੁੜ ਚੁੱਕਿਆ । ਕਿਣਕਾ ਕਈ ਵਾਰ ਹੇਠਾਂ ਡਿੱਗਿਆ ਪਰ ਕੀੜੀ ਨੇ ਹਿੰਮਤ ਨਹੀਂ ਹਾਰੀ ਆਖਿਰ ਆਪਣੀ ਖੁੱਡ ਵਿੱਚ ਲੈ ਗਈ । ਮੇਰੇ ਅੰਦਰੋਂ ਅਵਾਜ਼ ਆਈ, "ਮੈਂ ਐਵੇਂ ਹੌਂਸਲਾ ਛੱਡ ਬੈਠੀ ਹਾਂ ਇੱਕ ਵਾਰ ਹੋਰ ਕੋਸ਼ਿਸ਼ ਕਰਾਂਗੀ । ਮੈਂ ਪੂਰੀ ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਤਿਆਰੀ ਕੀਤੀ ਤੇ ਨਤੀਜਾ ਤੁਹਾਡੇ ਸਾਹਮਣੇ ਹੈ ।"

ਸਾਡੇ ਸਭਨਾਂ ਕੋਲ ਅਲਾਦੀਨ ਵਾਲਾ ਚਿਰਾਗ ਹੈ । ਇਸ ਦੇ ਜਿੰਨ ਤੋਂ ਜੋ ਅਸੀਂ ਮੰਗਦੇ ਹਾਂ ਉਹ ਉਹੀਓ ਸਾਨੂੰ ਦੇਣ ਦਾ ਯਤਨ ਕਰਦਾ ਹੈ । ਆਪਣੀ ਅਸੀਮ ਸ਼ਕਤੀ ਉੱਤੇ ਭਰੋਸਾ ਕਰੀਏ ਅਤੇ ਦ੍ਰਿੜ੍ਹ ਇਰਾਦੇ ਨਾਲ ਯਤਨ ਕਰੀਏ । ਮੰਜ਼ਿਲ ਹਮੇਸ਼ਾਂ ਪ੍ਰਾਪਤ ਹੁੰਦੀ ਹੈ ।

ਐਡੀਸਨ ਬਲਬ ਬਣਾਉਣ ਸਮੇਂ ਕੋਈ ਇੱਕ ਹਜ਼ਾਰ ਵਾਰ ਫ਼ੇਲ ਹੋਇਆ ਪਰ ਉਸ ਨੇ ਇਸ ਨੂੰ ਸਫ਼ਲਤਾ ਵਲ ਪੁਟਿਆ ਇੱਕ ਹੋਰ ਕਦਮ ਆਖਿਆ । ਇਨ੍ਹਾਂ ਪ੍ਰਾਪਤੀਆਂ ਲਈ ਉਸ ਦੀ ਮਾਂ ਦੀ ਅਹਿਮ ਭੂਮਿਕਾ ਸੀ । ਇਕ ਦਿਨ ਜਦੋਂ ਸਕੂਲ ਤੋਂ ਛੁੱਟੀ ਹੋਈ ਤਾਂ ਉਸ ਦੀ ਟੀਚਰ ਨੇ ਇੱਕ ਚਿੱਠੀ ਦਿੱਤੀ ਕਿ ਉਹ ਆਪਣੀ ਮਾਂ ਨੂੰ ਦੇ ਦੇਵੀਂ । ਮਾਂ ਨੇ ਜਦੋਂ ਚਿੱਠੀ ਪੜ੍ਹੀ ਤਾਂ ਪਹਿਲਾਂ ਉਹ ਕੁਝ ਘਬਰਾ ਗਈ ਪਰ ਛੇਤੀ ਸੰਭਲ ਗਈ । ਚਿੱਠੀ ਵਿੱਚ ਲਿਖਿਆ ਸੀ ਕਿ ਤੁਹਾਡਾ ਬੱਚਾ ਮੰਦਬੁੱਧੀ ਹੈ । ਇਹ ਸਾਡੇ ਸਕੂਲ ਵਿੱਚ ਪੜ੍ਹਨ ਦੇ ਕਾਬਲ ਨਹੀਂ ਹੈ । ਐਡੀਸਨ ਨੇ ਜਦੋਂ ਪੁੱਛਿਆ ਕਿ ਚਿੱਠੀ ਵਿੱਚ ਕੀ ਲਿਖਿਆ ਹੈ ਤਾਂ ਮਾਂ ਆਪਣ ਲੱਗੀ, ਤੁਹਾਡਾ ਬੱਚਾ ਆਮ ਬੱਚਿਆਂ ਨਾਲੋਂ ਵੱਧ ਹੁਸ਼ਿਆਰ ਹੈ ਇੱਥੇ ਕਲਾਸ ਵਿੱਚ ਤਾਂ ਉਸ ਦਾ ਸਮਾਂ ਬਰਬਾਦ ਹੀ ਹੋਵੇਗਾ ਉਸਨੂੰ ਘਰ ਆਪਣੇ ਆਪ ਪੜ੍ਹਨ ਦਿੱਤਾ ਜਾਵੇ । ਮਾਂ ਦੇ ਇਨ੍ਹਾਂ ਬੋਲਾਂ ਨੇ ਬੱਚੇ ਅੰਦਰ ਸੁੱਤੇ ਪਏ ਜਿੰਨ ਨੂੰ ਜਗਾ ਦਿੱਤਾ ਤੇ ਬੱਚੇ ਨੇ ਪੂਰੀ ਲਗਨ ਨਾਲ ਪੜ੍ਹਾਈ ਸ਼ੁਰੂ ਕੀਤੀ ਅਤੇ ਦੁਨੀਆਂ ਦਾ ਸਭ ਤੋਂ ਪ੍ਰਸਿੱਧ ਵਿਗਿਆਨੀ ਬਣਿਆ ।

# ਮੱਕੀ ਦਾ ਅਚਾਰ ਬਣਾਉਣ ਲਈ ਸਹੀ ਫ਼ਸਲੀ ਚੱਕਰ ਅਪਣਾਉਣ ਦੀ ਮਹੱਤਤਾ



ਨਵਜੋਤ ਸਿੰਘ ਬਰਾੜ ਤੇ ਪ੍ਰਭਜਿੰਦਰ ਸਿੰਘ ਮਾਨ,
ਕ੍ਰਿਸ਼ੀ ਵਿਗਿਆਨ ਕੇਂਦਰ, ਤਰਨ ਤਾਰਨ (ਮੋ.94177-02021)

ਪੰਜਾਬ ਵਿੱਚ ਅਚਾਰ ਬਣਾਉਣ ਲਈ ਮੱਕੀ ਦੀ ਬਿਜਾਈ ਫਰਵਰੀ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਮਈ ਦੇ ਪਹਿਲੇ ਹਫ਼ਤੇ ਤੱਕ ਕੀਤੀ ਜਾਂਦੀ ਹੈ। ਮੱਕੀ ਦੇ ਪੱਠੇ ਦਾ ਝਾੜ ਅਤੇ ਉਸ ਤੋਂ ਬਣਾਏ ਅਚਾਰ ਦੀ ਗੁਣਵੱਤਾ ਮੱਕੀ ਦੀ ਬਿਜਾਈ ਦੇ ਸਮੇਂ ’ਤੇ ਬਹੁਤ ਨਿਰਭਰ ਕਰਦੀ ਹੈ। ਮੱਕੀ ਦੀ ਜਿਹੜੀ ਫ਼ਸਲ 15 ਫਰਵਰੀ ਤੋਂ ਪਹਿਲਾਂ ਬੀਜ ਦਿੱਤੀ ਜਾਂਦੀ ਹੈ, ਉਹ ਤਕਰੀਬਨ 95-105 ਦਿਨਾਂ ਵਿੱਚ ਦੋਧੇ ਦਾਣੇ ’ਤੇ ਪਹੁੰਚ ਜਾਂਦੀ ਹੈ, ਜੋ ਅਚਾਰ ਬਣਾਉਣ ਲਈ ਮੱਕੀ ਦੀ ਢੁਕਵੀਂ ਅਵਸਥਾ ਹੁੰਦੀ ਹੈ। ਜਿਹੜੀ ਬਿਜਾਈ 10 ਫਰਵਰੀ ਤੱਕ ਹੋ ਜਾਂਦੀ ਹੈ, ਉਹ 20-25 ਮਈ ਦੇ ਲਗਭਗ ਦੋਧੇ ਦਾਣੇ ’ਤੇ ਪਹੁੰਚ ਜਾਂਦੀ ਹੈ। ਉਸ ਸਮੇਂ ਪੰਜਾਬ ਦਾ ਮੌਸਮ ਖੁਸ਼ਕ ਹੁੰਦਾ ਹੈ, ਹਵਾ ਵਿੱਚ ਨਮੀ ਨਾਮਾਤਰ ਹੁੰਦੀ ਹੈ ਅਤੇ ਤਾਪਮਾਨ 40 ਤੋਂ 42 ਡਿਗਰੀ ਸੈਲਸੀਅਸ ਦੇ ਆਸ-ਪਾਸ ਹੁੰਦਾ ਹੈ। ਉਸ ਸਮੇਂ ਮੱਕੀ ਦੀ ਕਟਾਈ ਵੇਲੇ ਇਸ ਵਿੱਚ ਸੁੱਕੇ ਮਾਦੇ ਦੀ ਮਾਤਰਾ 25-28% ਦੇ ਲਗਭਗ ਹੁੰਦੀ ਹੈ ਅਤੇ ਮੱਕੀ ਨੂੰ ਕੁਤਰ ਕੇ ਬੰਕਰ ਵਿੱਚ ਨੱਪਦੇ ਸਮੇਂ ਕੁਝ ਨਮੀ ਹੋਰ ਉੱਡ ਜਾਂਦੀ ਹੈ ਅਤੇ ਸੁੱਕਾ ਮਾਦਾ 30-32% ਦੇ ਨਜ਼ਦੀਕ ਪਹੁੰਚ ਜਾਂਦਾ ਹੈ, ਜੋ ਮੱਕੀ ਦਾ ਅਚਾਰ ਬਣਾਉਣ ਲਈ ਸੁੱਕੇ ਮਾਦੇ ਦੀ ਸਭ ਤੋਂ ਢੁਕਵੀਂ ਮਾਤਰਾ ਹੁੰਦੀ ਹੈ। ਫਰਵਰੀ ਵਿੱਚ ਬੀਜੀ ਮੱਕੀ ਦੀ ਛੱਲੀ ਵੀ ਪੂਰੀ ਬਣਦੀ ਹੈ ਅਤੇ ਹਰੇ ਚਾਰੇ ਦਾ ਝਾੜ ਵੀ 225 ਤੋਂ 250 ਕੁਇੰਟਲ ਪ੍ਰਤੀ ਏਕੜ ਨਿੱਕਲ ਆਉਂਦਾ ਹੈ। ਫਰਵਰੀ ਵਿੱਚ ਮੱਕੀ ਦੀ ਬਿਜਾਈ ਲਈ ਇਹ ਜ਼ਰੂਰੀ ਹੈ ਕਿ ਕਿਸਾਨ ਸਾਲ ਦੇ ਸ਼ੁਰੂ ਵਿੱਚ ਸਹੀ ਫ਼ਸਲੀ ਚੱਕਰ ਅਪਣਾਉਣ ਕਿਉਂਕਿ ਜਿਨ੍ਹਾਂ ਖੇਤਾਂ ਵਿੱਚ ਕਿਸਾਨ ਨੇ ਹਾੜ੍ਹੀ ਦੇ ਸੀਜਨ ਵਿੱਚ ਆਲੂ, ਮਟਰ, ਜਵੀ ਜਾਂ ਤੋਰੀਆ ਆਦਿ ਫ਼ਸਲਾਂ ਬੀਜੀਆਂ ਹੁੰਦੀਆਂ ਹਨ, ਉਹ ਖੇਤ ਜਨਵਰੀ ਦੇ ਅਖੀਰ ਜਾਂ ਫਰਵਰੀ ਦੇ ਸ਼ੁਰੂ ਵਿੱਚ ਹਾੜ੍ਹੀ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਲਈ ਖਾਲੀ ਹੋ ਜਾਂਦੇ ਹਨ ਅਤੇ ਮੱਕੀ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ।

ਜਿਹੜੇ ਕਿਸਾਨ ਮੱਕੀ ਦੀ ਬਿਜਾਈ ਕਣਕ ਤੋਂ ਬਾਅਦ ਕਰਦੇ ਹਨ, ਉੱਥੇ ਇਹ ਦੇਖਿਆ ਗਿਆ ਹੈ ਕਿ ਕਣਕ ਦੀ ਵਾਢੀ ਤੋਂ ਬਾਅਦ ਮੱਕੀ ਦੀ ਬਿਜਾਈ ਅਪ੍ਰੈਲ ਦੇ ਅਖੀਰ ਜਾਂ ਮਈ ਦੇ ਪਹਿਲੇ ਹਫ਼ਤੇ ਤੱਕ ਪਛੇਤੀ ਹੋ ਜਾਂਦੀ ਹੈ। ਉਸ ਸਮੇਂ ਤਾਪਮਾਨ ਜ਼ਿਆਦਾ ਹੁੰਦਾ ਹੈ ਅਤੇ ਇਹ ਮੱਕੀ ਆਪਣਾ ਜੀਵਨ ਚੱਕਰ ਛੇਤੀ ਪੂਰਾ ਕਰ ਲੈਂਦੀ ਹੈ ਅਤੇ ਤਕਰੀਬਨ 75 ਤੋਂ 85 ਦਿਨਾਂ ਵਿੱਚ ਦੋਧੇ ਦਾਣੇ ’ਤੇ ਪਹੁੰਚ ਜਾਂਦੀ ਹੈ। ਇਹ ਮੱਕੀ ਵਿੱਚ ਪਰ-ਪਰਾਗਣ ਸਮੇਂ ਵੱਖ ਤਾਪਮਾਨ ਹੋਣ ਕਰਕੇ ਪਰਾਗ-ਕਣ ਸੁੱਕਣ ਨਾਲ ਛੱਲੀ ਵਿੱਚ ਪੂਰੇ ਦਾਣੇ ਨਹੀਂ ਬਣਦੇ। ਇਸ ਮੱਕੀ ਦਾ ਹਰੇ ਚਾਰੇ ਦਾ ਝਾੜ ਫਰਵਰੀ ਵਿੱਚ ਬੀਜੀ ਮੱਕੀ ਨਾਲੋਂ ਘੱਟ ਨਿਕਲਦਾ ਹੈ। ਇਹ ਮੱਕੀ ਤਕਰੀਬਨ ਅੱਧ ਜੁਲਾਈ ਤੱਕ ਦੋਧੇ ਦਾਣੇ ’ਤੇ ਆਉਂਦੀ ਹੈ। ਇਸ ਸਮੇਂ ਇੱਕ ਤਾਂ ਝੋਨਾ ਲਗਾਉਣ ਲਈ ਖੇਤ ਨੂੰ ਖਾਲੀ ਕਰਨ ਦੀ ਕਾਹਲੀ ਹੁੰਦੀ ਹੈ, ਇਸ ਲਈ ਕਿਸਾਨ ਕਈ ਵਾਰ ਛੱਲੀ ਪੂਰੀ ਕਰਨ ਤੋਂ ਪਹਿਲਾਂ ਹੀ ਫ਼ਸਲ ਕੱਟ ਕੇ ਅਚਾਰ ਪਾ ਲੈਂਦੇ ਹਨ।

ਦੂਸਰਾ, ਇਸ ਸਮੇਂ ਬਰਸਾਤ ਦੀ ਰੁੱਤ ਵੀ ਸ਼ੁਰੂ ਹੋ ਚੁੱਕੀ ਹੁੰਦੀ ਹੈ, ਜਿਸ ਕਰਕੇ ਹਵਾ ਵਿੱਚ ਨਮੀ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਸਮੇਂ ਕੱਟੀ ਹੋਈ ਮੱਕੀ ਵਿੱਚ ਸੁੱਕਾ ਮਾਦਾ 22 ਤੋਂ 25% ਹੀ ਹੁੰਦਾ ਹੈ ਅਤੇ ਹਵਾ ਵਿੱਚ ਸਿੱਲ੍ਹ ਹੋਣ ਕਰਕੇ ਹੋਰ ਨਮੀ ਨਹੀਂ ਉੱਡਦੀ ਅਤੇ ਇਸ ਵੱਧ ਨਮੀ ਵਾਲੇ ਪੱਠਿਆਂ ਦਾ ਅਚਾਰ ਪਾਉਣ ਨਾਲ ਅਚਾਰ ਨੂੰ ਉੱਲੀ ਲੱਗਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ। ਮੱਕੀ ਦੀ ਛੱਲੀ ਪੂਰੀ ਨਾ ਬਣਨ ਕਰਕੇ ਅਤੇ ਹਵਾ ਵਿੱਚ ਵੱਧ ਨਮੀ ਹੋਣ ਕਰਕੇ ਅਚਾਰ ਦੀ ਗੁਣਵੱਤਾ ਬਹੁਤ ਘਟ ਜਾਂਦੀ ਹੈ। ਜੇਕਰ ਮੱਕੀ ਦੀ ਕਟਾਈ ਅਤੇ ਟੋਏ ਵਿੱਚ ਨੱਪਣ ਸਮੇਂ ਵਰਖਾ ਸ਼ੁਰੂ ਹੋ ਜਾਵੇ ਤਾਂ ਅਚਾਰ ਨੂੰ ਉੱਲੀ ਲੱਗਣ ਦਾ ਖ਼ਤਰਾ ਵੱਧ ਜਾਂਦਾ ਹੈ। ਜੇਕਰ ਅਚਾਰ ਸਹੀ ਬਣ ਵੀ ਜਾਵੇ ਤਾਂ ਉਸ ਵਿੱਚ ਸੁੱਕੇ ਮਾਦੇ ਦੀ ਮਾਤਰਾ ਘੱਟ ਹੁੰਦੀ ਹੈ, ਜਿਸ ਕਰਕੇ ਪਸ਼ੂਆਂ ਨੂੰ ਅਚਾਰ ਵਿੱਚੋਂ ਪੂਰੇ ਤੱਤ ਨਹੀਂ ਮਿਲਦੇ।

ਮੱਕੀ ਦਾ ਵਧੀਆ ਗੁਣਵੱਤਾ ਵਾਲਾ ਅਚਾਰ ਬਣਾਉਣ ਲਈ ਸਹੀ ਫ਼ਸਲੀ ਚੱਕਰ ਅਪਣਾਉਣਾ ਬਹੁਤ ਜ਼ਰੂਰੀ ਹੈ, ਜਿਸ ਲਈ ਝੋਨਾ-ਕਣਕ-ਮੱਕੀ (ਅਚਾਰ ਲਈ) ਫ਼ਸਲੀ ਚੱਕਰ ਛੱਡਣਾ ਪਵੇਗਾ। ਇਸ ਫ਼ਸਲੀ ਚੱਕਰ ਵਿੱਚ ਅਚਾਰ ਦੀ ਗੁਣਵੱਤਾ ਵੀ ਮਾੜੀ ਬਣਦੀ ਹੈ, ਮੱਕੀ ਦਾ ਝਾੜ ਵੀ ਘੱਟ ਨਿੱਕਲਦਾ ਹੈ, ਮੱਕੀ ਵਿੱਚ ਕੀੜਿਆਂ ਅਤੇ ਨਦੀਨਾਂ ਦੀ ਸਮੱਸਿਆ ਵੀ ਵੱਧ ਆਉਂਦੀ ਹੈ ਅਤੇ ਮਈ ਵਿੱਚ ਬੀਜੀ ਮੱਕੀ ਨੂੰ ਹਰ ਚੌਥੇ ਦਿਨ ਪਾਣੀ ਵੀ ਲਗਾਉਣਾ ਪੈਂਦਾ ਹੈ। ਉੱਚ ਗੁਣਵੱਤਾ ਵਾਲਾ ਅਚਾਰ ਬਣਾਉਣ ਲਈ ਝੋਨਾ-ਤੋਰੀਆ / ਜਵੀ / ਆਲੂ / ਮਟਰ-ਮੱਕੀ (ਅਚਾਰ ਲਈ) ਆਦਿ ਫ਼ਸਲੀ ਚੱਕਰ ਅਪਣਾਉਣੇ ਚਾਹੀਦੇ ਹਨ, ਜਿਸ ਵਿੱਚ ਝੋਨੇ ਦੀ ਵਾਢੀ ਤੋਂ ਬਾਅਦ ਹਾੜ੍ਹੀ ਵਿੱਚ ਤੋਰੀਆ ਜਾਂ ਜਵੀ ਜਾਂ ਆਲੂ ਜਾਂ ਮਟਰ ਆਦਿ ਫ਼ਸਲਾਂ ਦੀ ਕਾਸ਼ਤ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਬੀਜੀ ਜਾਵੇ। ਇਸ ਨਾਲ ਪਸ਼ੂ ਪਾਲਕ ਚਾਰੇ ਦਾ ਵੱਧ ਝਾੜ ਵੀ ਲੈ ਸਕਦੇ ਹਨ ਅਤੇ ਵਧੀਆ ਗੁਣਵੱਤਾ ਵਾਲਾ ਅਚਾਰ ਵੀ ਬਣਾ ਸਕਦੇ ਹਨ।

**ਧਿਆਨ ਦੇਣ ਯੋਗ ਕੁਝ ਗੱਲਾਂ** : ਅਚਾਰ ਵਾਲਾ ਬੰਕਰ ਕਿਸੇ ਉੱਚੀ ਜਗ੍ਹਾ ’ਤੇ ਬਣਾਓ, ਜਿੱਥੇ ਮੀਂਹ ਦੇ ਪਾਣੀ ਦਾ ਪੂਰਾ ਨਿਕਾਸ ਹੋਵੇ। ਬੰਕਰ ਦੀ ਚੌੜਾਈ ਹੇਠਾਂ ਤੋਂ ਲਗਭਗ 12 ਫੁੱਟ ਹੋਵੇ ਤਾਂ ਜੋ ਬੰਕਰ ਵਿੱਚ ਚਾਰੇ ਨੂੰ ਨੱਪਦੇ ਸਮੇਂ ਟਰੈਕਟਰ ਦੀ ਲੀਹ ਸਹੀ ਤਰੀਕੇ ਨਾਲ ਭੱਜੇ। ਉਪਰੋਂ ਬੰਕਰ ਦੀ ਚੌੜਾਈ 14-15 ਫੁੱਟ ਹੋਵੇ, ਜਿਸ ਨਾਲ ਬੰਕਰ ਦੀਆਂ ਕੰਧਾਂ 110 ਡਿਗਰੀ ’ਤੇ ਤਿਰਛੀਆਂ ਬਣ ਜਾਣਗੀਆਂ। ਇਸ ਨਾਲ ਚਾਰੇ ਨੂੰ ਨੱਪਦੇ ਸਮੇਂ ਕੰਧਾਂ ਨਾਲ ਚਾਰੇ ਨੂੰ ਚੰਗੀ ਤਰ੍ਹਾਂ ਦੱਬ ਲੱਗ ਜਾਵੇਗੀ। ਬੰਕਰ ਨੂੰ ਹੇਠਾਂ ਤੋਂ ਕੱਚਾ ਰੱਖਣਾ ਵੀ ਠੀਕ ਹੈ ਪਰ ਅਚਾਰ ਪਾਉਣ ਸਮੇਂ ਹੇਠਾਂ ਤੂੜੀ ਖਲਾਰ ਦਿਓ ਜਾਂ ਹੇਠਾਂ ਇੱਟਾਂ ਨਾਲ ਪੱਕਾ ਕਰ ਦਿਓ ਤਾਂ ਕਿ ਅਚਾਰ ਮਿੱਟੀ ਨਾਲ ਨਾ ਲੱਗੇ। ਬੰਕਰ ਵਿੱਚ ਪਾਏ ਚਾਰੇ ਨੂੰ ਉੱਪਰੋਂ ਚੰਗੀ ਤਰ੍ਹਾਂ ਨੱਪ ਕੇ ਤਰਪਾਲ ਨਾਲ ਢੱਕ ਕੇ ਮਿੱਟੀ ਨਾਲ ਲਿੱਪ ਦਿਓ ਤੇ ਅਚਾਰ ਨੂੰ 45 ਦਿਨ ਤੋਂ ਪਹਿਲਾਂ ਨਾ ਖੋਲ੍ਹੋ। ਇੱਕ ਵਾਰ ਖੋਲ੍ਹਣ ’ਤੇ ਹਰ ਰੋਜ਼ ਬੰਕਰ ਦੇ ਮੱਥੇ ਤੋਂ ਘੱਟੋ-ਘੱਟ 6-8 ਇੰਚ ਅਚਾਰ ਕੱਟ ਕੇ ਪਸ਼ੂਆਂ ਨੂੰ ਪੈ ਜਾਣਾ ਚਾਹੀਦਾ ਹੈ। ਇਸ ਤਰੀਕੇ ਨਾਲ ਪਸ਼ੂ ਪਾਲਕ ਵੀਰ ਆਪਣੇ ਪਸ਼ੂਆਂ ਲਈ ਉੱਚ ਗੁਣਵੰਤਾ ਵਾਲਾ ਅਚਾਰ ਬਣਾ ਕੇ ਸਾਰਾ ਸਾਲ ਚਾਰੇ ਦੀ ਲੋੜ ਪੂਰੀ ਕਰ ਸਕਦੇ ਹਨ।



# ਜਲਵਾਯੂ ਪਰਿਵਰਤਨ ਦੇ ਪ੍ਰਭਾਵ ਘੱਟ ਕਰਨ ਲਈ ਸੁਝਾਅ

ਜਲਵਾਯੂ ਪਰਿਵਰਤਨ ਦਾ ਭਾਵ ਕਿਸੇ ਜਗ੍ਹਾ ਦੇ ਮੌਸਮੀ ਅੰਕੜਿਆਂ ਜਿਵੇਂ ਕਿ ਤਾਪਮਾਨ, ਨਮੀ, ਸੂਰਜੀ ਕਿਰਨਾਂ, ਹਵਾ ਅਤੇ ਬਾਰਿਸ਼ ਆਦਿ ਦੇ ਅੰਕੜਿਆਂ ਵਿੱਚ ਲੰਮੇ ਸਮੇਂ ਦੌਰਾਨ ਤਬਦੀਲੀ ਆਉਣਾ ਹੈ। ਜਲਵਾਯੂ ਪਰਿਵਰਤਨ ਲਈ ਖੇਤੀਬਾੜੀ ਵੀ ਜ਼ਿੰਮੇਵਾਰ ਹੈ। ਆਧੁਨਿਕ ਖੇਤੀ ਦੇ ਢੰਗ ਤਰੀਕੇ ਵੀ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਵਧਾਉਣ ਲਈ ਜ਼ਿੰਮੇਵਾਰ ਹਨ। ਪੰਜਾਬ ਦੇ ਜਲਵਾਯੂ ਵਿੱਚ ਪਰਿਵਰਤਨ ਦਾ ਅਸਰ ਮੁੱਖ ਰੂਪ ਵਿੱਚ ਮੌਨਸੂਨ ਰੁੱਤ ਵਿੱਚ ਘੱਟ ਰਹੀਆਂ ਵਾਰਿਸ਼ਾਂ ਦੇ ਰੂਪ ਵਿੱਚ ਹੋ ਰਿਹਾ ਹੈ, ਜਿਹੜਾ ਕਿ ਧਰਤੀ ਹੇਠਲੇ ਪਾਣੀ ਦੀ ਕਿੱਲਤ ਦੇ ਰੂਪ ਵਿੱਚ ਸਾਹਮਣੇ ਆ ਸਕਦਾ ਹੈ। ਪੰਜਾਬ ਦੀ ਖੇਤੀ ਵਿਵਸਥਾ ਅਤੇ ਇਸ ਦੇ ਸਿੱਟੇ ਵਜੋਂ ਅਨਾਜ ਦੀ ਉਪਲਬਧਤਾ ਅਤੇ ਕਿਸਾਨਾਂ ਦਾ ਜੀਵਨ-ਨਿਰਬਾਹ ਵੀ ਜਲਵਾਯੂ ਪਰਿਵਰਤਨ/ਮੌਸਮੀ ਤਬਦੀਲੀਆਂ ਤੋਂ ਸਿੱਧੇ ਰੂਪ ਵਿੱਚ ਪ੍ਰਭਾਵਿਤ ਹੋ ਰਿਹਾ ਹੈ। ਇਸ ਲਈ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਘੱਟ ਕਰਨ ਲਈ ਸੁਝਾਅ ਹੇਠ ਲਿਖੇ ਅਨੁਸਾਰ ਹਨ :-

**ਕੰਪਿਊਟਰ ਕਰਾਹਾ** : ਝੋਨੇ ਦੀ ਲਵਾਈ ਤੋਂ ਪਹਿਲਾਂ ਲੇਜ਼ਰ ਲੈਵਲਰ



(ਕੰਪਿਊਟਰ ਕਰਾਹਾ) ਦੀ ਵਰਤੋਂ ਨਾਲ ਖੇਤ ਨੂੰ ਪੱਧਰਾ ਕਰੋ। ਲੇਜ਼ਰ ਲੈਵਲਰ ਨਾਲ ਪੱਧਰੇ ਕੀਤੇ ਖੇਤ ਵਿੱਚ 15-20 ਫ਼ੀਸਦੀ ਤੱਕ ਪਾਣੀ ਦੀ ਬੱਚਤ ਹੋ ਜਾਂਦੀ ਹੈ।

**ਘੱਟ ਸਮੇਂ ਵਿੱਚ ਪੱਕਣ ਵਾਲਾ ਝੋਨਾ ਬੀਜਣਾ** : ਝੋਨੇ ਦੀ ਫ਼ਸਲ ਨੂੰ ਉਗਾਉਣ ਲਈ ਜ਼ਿਆਦਾ ਪਾਣੀ ਚਾਹੀਦਾ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ ਝੋਨੇ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਕੀਤੀਆਂ ਕਿਸਮਾਂ ਦੀ ਬਿਜਾਈ ਕਰਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

**ਸਿੱਧੀ ਬਿਜਾਈ ਕਰਨਾ** : ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਵਿਧੀ ਨਾਲ ਤਕਰੀਬਨ 10 ਫ਼ੀਸਦੀ ਤੱਕ ਪਾਣੀ ਦੀ ਬੱਚਤ ਹੋ ਸਕਦੀ ਹੈ।

**ਮੀਥੇਨ ਦਾ ਨਿਕਾਸ ਘੱਟ ਕਰਨਾ** : ਜਦੋਂ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਿਆ ਜਾਂਦਾ ਹੈ ਤਾਂ ਮੀਥੇਨ ਦਾ ਨਿਕਾਸ ਹੁੰਦਾ ਹੈ। ਇਸ ਲਈ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ ਅਤੇ ਜ਼ਰੂਰਤ ਅਨੁਸਾਰ ਪਾਣੀ ਲਗਾ ਕੇ ਮੀਥੇਨ ਦੀ ਨਿਕਾਸੀ ਨੂੰ ਘਟਾਇਆ ਜਾ ਸਕਦਾ ਹੈ।

**ਖਾਦਾਂ ਦੀ ਸੁਚੱਜੀ ਵਰਤੋਂ** : ਖੇਤੀ ਮਾਹਿਰਾਂ ਦੀਆਂ ਸਿਫਾਰਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਕਰਕੇ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੇ ਬੇਲੋੜੇ ਵਿਕਾਸ ਨੂੰ ਘਟਾਇਆ ਜਾ ਸਕਦਾ ਹੈ।

**ਤੁਪਕਾ ਜਾਂ ਫੁਹਾਰਿਆਂ ਨਾਲ ਸਿੰਚਾਈ ਕਰਨੀ** : ਜਿੱਥੇ ਸੰਭਵ ਹੋ ਸਕੇ ਉੱਥੇ ਫ਼ਸਲਾਂ ਦੀਆਂ ਵੱਟਾਂ ’ਤੇ ਬਿਜਾਈ ਅਤੇ ਡਰਿੱਪ ਜਾਂ ਫੁਹਾਰਿਆਂ ਨਾਲ ਸਿੰਚਾਈ ਕੀਤੀ ਜਾ ਸਕਦੀ ਹੈ। ਇਸ ਤਕਨੀਕ ਨਾਲ ਪਾਣੀ ਦੀ ਬੇਲੋੜੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ।

**ਨੈੱਟ ਹਾਊਸ ਵਿੱਚ ਸਬਜ਼ੀਆਂ ਦੀ ਪੈਦਾਵਾਰ ਕਰਨੀ** : ਵਧੇਰੇ ਜਾਂ ਘੱਟ ਤਾਪਮਾਨ ਤੋਂ ਬਚਾਅ ਕਰਨ ਲਈ ਸਬਜ਼ੀਆਂ ਨੂੰ ਪੌਲੀ/ਨੈੱਟ ਹਾਊਸ ਵਿੱਚ ਵੀ ਉਗਾਇਆ ਜਾ ਸਕਦਾ ਹੈ। ਨੈੱਟ ਹਾਊਸ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਵੀ ਫ਼ਸਲਾਂ ਦਾ ਬਚਾਅ ਰਹਿੰਦਾ ਹੈ।

**ਸੂਰਜੀ ਊਰਜਾ ਦੀ ਵਧੇਰੇ ਵਰਤੋਂ** : ਸਾਡੇ ਦੇਸ਼ ਵਿੱਚ ਸੂਰਜੀ ਊਰਜਾ ਦੀ ਕੋਈ ਘਾਟ ਨਹੀਂ ਪਰ ਇਸ ਦੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ। ਖਾਣਾ ਬਣਾਉਣ ਲਈ ਸੋਲਰ ਕੁੱਕਰ ਵਰਤੋਂ। ਘਰੇਲੂ ਵਰਤੋਂ ਲਈ ਸੋਲਰ ਲਾਈਟਾਂ ਦੀ ਵਰਤੋਂ ਕਰੋ। ਛੋਟੇ ਪੱਧਰ ’ਤੇ ਖੇਤੀ ਲਈ ਸੋਲਰ ਪੰਪਾਂ ਦੀ ਵਰਤੋਂ ਕਰਕੇ ਕਾਰਬਨ ਡਾਈਆਕਸਾਈਡ ਦਾ ਨਿਕਾਸ ਘੱਟ ਕੀਤਾ ਜਾ ਸਕਦਾ ਹੈ।

**ਮੌਸਮ ਅਨੁਸਾਰ ਖੇਤੀ ਵਿਉਂਤਬੰਦੀ ਕਰਨੀ** : ਮੌਸਮ ਦੀ ਅਗਾਊਂ ਜਾਣਕਾਰੀ ਹਾਸਿਲ ਕਰਨ ਲਈ ਕਿਸਾਨ ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਰਾਬਤਾ ਕਰਕੇ ਇਹ ਜਾਣਕਾਰੀ ਮੁਫ਼ਤ ਹਾਸਿਲ ਕਰ ਸਕਦੇ ਹਨ। ਆਉਣ ਵਾਲੇ ਮੌਸਮ ਨੂੰ ਮੱਦੇਨਜ਼ਰ ਰੱਖ ਕੇ ਖੇਤੀ ਚੰਦਿਆਂ ਦੀ ਵਿਉਂਤਬੰਦੀ ਭਵਿੱਖਬਾਣੀ ਅਨੁਸਾਰ ਕਰੋ। ਇਸ ਤਰ੍ਹਾਂ ਸਮੇਂ ਦੇ ਹਾਣੀ ਬਣ ਕੇ ਖੇਤੀ ਕਰਨ ਨਾਲ ਅਸੀਂ ਆਪਣੇ ਵਾਤਾਵਰਨ ਅਤੇ ਕੁਦਰਤੀ ਸੋਮਿਆਂ ਨੂੰ ਬਚਾ ਸਕਦੇ ਹਾਂ ਅਤੇ ਖੇਤੀ ਧੰਦੇ ਨੂੰ ਵੀ ਲਾਹੇਵੰਦ ਬਣਾ ਸਕਦੇ ਹਾਂ।

ਹਰਕੰਵਲਜੋਤ ਸਿੰਘ ਸੇਖੋਂ ਤੇ ਹਰਪਾਲ ਸਿੰਘ ਰੰਧਾਵਾ
ਖੇਤਰੀ ਖੋਜ ਕੇਂਦਰ, ਗੁਰਦਾਸਪੁਰ (ਮੋ. 98881-64481)

# ਬਿਨਾਂ ਠੋਸ ਕਾਰਨ ਖੇਤੀ ਹੇਠੋਂ ਜ਼ਮੀਨ ਕੱਢਣਾ ਉਚਿੱਤ ਨਹੀਂ

ਅਮਰਦੀਪ ਸਿੰਘ ਧਾਰਨੀ
ਐਡਵੋਕੇਟ
ਮੋ. 98150-00026

ਖੇਤੀਬਾੜੀ ਵਾਲੀ ਜ਼ਮੀਨ ਨੂੰ ਗੈਰ ਖੇਤੀ ਧੰਦਿਆਂ ਲਈ ਵਰਤਣ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮਿਸਰ ਦੀ ਸੱਭਿਅਤਾ ਤੋਂ ਹਵਾਲੇ ਮਿਲਦੇ ਹਨ ਕਿ ਕਿਵੇਂ ਹੁਕਮਰਾਨਾਂ ਨੇ ਤਾਕਤ ਨਾਲ ਵਾਹੀਕਾਰਾਂ ਦੀ ਜ਼ਮੀਨ ਜ਼ਬਰੀ ਖੋਹ ਕੇ ਉਨ੍ਹਾਂ ਨੂੰ ਬੇ-ਜ਼ਮੀਨੇ ਕਰ ਦਿੱਤਾ ਸੀ। ਇਤਿਹਾਸ ਵਿੱਚ ਬਹੁਤੇ ਹੁਕਮਾਰਨ ਆਪਣੇ ਮਹਿਲ ਖੜ੍ਹੇ ਕਰਨ ਲਈ ਕਦੇ ਜ਼ਮੀਨਾਂ ਖੋਹਣ ਦਾ ਅਤੇ ਕਦੇ ਕਿਸਾਨਾਂ ਨੂੰ ਬੰਜਰ ਜ਼ਮੀਨਾਂ ਦੇ ਕੇ ਉਨ੍ਹਾਂ 'ਤੇ ਖੂਨ ਪਸੀਨੇ ਨਾਲ ਉਨ੍ਹਾਂ ਜ਼ਮੀਨਾਂ ਨੂੰ ਆਬਾਦ ਕਰਨ ਲਈ ਦਬਾਅ ਪਾਉਂਦੇ ਰਹੇ ਹਨ। ਜਿਵੇਂ ਬਰਤਾਨਵੀਆਂ ਨੇ ਪਾਕਿਸਤਾਨ ਵਿੱਚ ਬਾਰਾਂ ਦੇ ਇਲਾਕੇ ਕਿਰਸਾਨਾਂ ਤੋਂ ਆਬਾਦ ਕਰਾਏ। ਸਿੱਖੀ ਤੇ ਸਿੱਖ ਸਮਾਜ ਖੇਤੀ ਨਾਲ ਜੁੜਿਆ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ 'ਤੇ ਕਿਰਸਾਨੀ ਅਤੇ ਸਿੱਖੀ ਦਾ ਬੀਜ ਬੀਜਿਆ। ਸ੍ਰੀ ਕਰਤਾਰਪੁਰ ਸਾਹਿਬ ਵਿੱਚ ਵਗਦੇ ਹਲ ਦੇ ਬਿੰਬ ਨੇ ਸਿੱਖ ਮਨਾਂ ਨੂੰ ਅਜਿਹਾ ਟੁੰਬਿਆ ਕਿ ਉਨ੍ਹਾਂ ਨੇ ਪੰਜਾਬ



ਸਮੇਤ ਦੂਰ ਦਰਾਜ ਦੇ ਆਬਾਦ ਜੰਗਲਾਂ ਅਤੇ ਮਾਰੂਥਲਾਂ ਨੂੰ ਹਰਾ-ਭਰਾ ਕਰ ਦਿੱਤਾ।

ਗੁਰੂ ਸਾਹਿਬਾਨ ਨੇ ਵਿਲੱਖਣ ਸ਼ਹਿਰ ਵਸਾਏ, ਪਰ ਉਨ੍ਹਾਂ ਦੀ ਬਣਤਰ ਹਿੰਦੂ ਪ੍ਰੰਪਰਾ ਅਨੁਸਾਰ ਵਰਨ ਵਿਵਸਥਾ ਵਾਲੀ ਨਹੀਂ ਸੀ। ਖੇਤੀ ਆਧਾਰਿਤ ਸੱਭਿਆਚਾਰ ਵਿੱਚ ਪਿੰਡ ਵੀ ਇੱਕ ਸੁਤੰਤਰ ਆਤਮ ਨਿਰਭਰ ਇਕਾਈ ਬਣੇ, ਜਿੱਥੇ ਕਿਰਸਾਨੀ ਦੇ ਨਾਲ-ਨਾਲ ਦੂਜੇ ਸਾਰੇ ਕਿੱਤੇ ਵੀ ਇੱਕ-ਦੂਜੇ ਨਾਲ ਅਟੁੱਟ ਰੂਪ ਵਿੱਚ ਜੁੜੇ ਹੋਏ ਸਨ। ਪੰਜਾਬ ਸਰਕਾਰ ਵਲੋਂ ਲਿਆਂਦੀ ਲੈਂਡ ਪੂਲਿੰਗ ਨੀਤੀ ਸੰਬੰਧੀ ਪੰਜਾਬ ਅਤੇ ਹਰਿਆਣਾ ਦੀ ਉੱਚ ਅਦਾਲਤ ਨੇ ਆਪਣੀ ਟਿੱਪਣੀ ਵਿੱਚ ਵੀ ਇਹੋ ਜ਼ਿਕਰ ਕੀਤਾ ਸੀ ਕਿ 65,000 ਏਕੜ ਜ਼ਮੀਨ ਲੈ ਕੇ ਉਨ੍ਹਾਂ ਲੋਕਾਂ ਦੇ ਭਵਿੱਖ ਦੇ ਰੁਜ਼ਗਾਰ ਬਾਰੇ ਕੀ ਸੋਚਿਆ ਗਿਆ ਹੈ ਅਤੇ ਪੇਂਡੂ ਖੇਤਰ ਵਿੱਚ ਵਸਦੀਆਂ ਹੋਰ ਜਾਤਾਂ, ਜਿਨ੍ਹਾਂ ਵਿੱਚ ਖੇਤ ਮਜ਼ਦੂਰ ਵੀ ਹਨ, ਬਾਰੇ ਕੀ ਪਾਲਿਸੀ ਬਣਾਈ ?

ਪੰਜਾਬ ਅੰਦਰ ਲੈਂਡ ਪੂਲਿੰਗ ਯੋਜਨਾ ਦਾ ਐਲਾਨ (ਜੋ ਹੁਣ ਵਾਪਸ ਲੈ ਲਿਆ ਹੈ) ਨੇੜੇ ਭਵਿੱਖ ਵਿੱਚ ਵੀ ਸਰਕਾਰਾਂ ਤੇ ਕੰਪਨੀਆਂ ਦੀ ਕਿਸਾਨਾਂ ਦੀ ਜ਼ਮੀਨ 'ਤੇ ਲੱਗੀਆਂ ਨਜ਼ਰਾਂ ਦੀ ਪੁਸ਼ਟੀ ਕਰਦਾ ਹੈ, ਜਦੋਂ ਕਿ ਦੇਸ਼ ਅੰਦਰ ਲੱਖਾਂ ਹੀ ਅਧਿਕਾਰਤ ਅਤੇ ਅਣ-ਅਧਿਕਾਰਤ ਕਾਲੋਨੀਆਂ ਬੇ-ਆਬਾਦ ਪਈਆਂ ਹਨ।

ਅੱਜ ਜਦੋਂ ਸਾਡੇ ਮੁਲਕ ਦੀ ਵਿਦੇਸ਼ ਨੀਤੀ ਅਤੇ ਅੰਦਰੂਨੀ ਸਹਿਚਾਰ ਉੱਪਰ ਵੱਡੇ ਸਵਾਲ ਉੱਠ ਰਹੇ ਹਨ, ਉਸ ਸਮੇਂ ਪੰਜਾਬ ਵਿੱਚ ਇੰਨੀ ਵੱਡੀ ਵਾਹੀ ਯੋਗ ਜ਼ਮੀਨ ਨੂੰ ਗੈਰ ਵਾਹੀ ਯੋਗ ਜ਼ਮੀਨ ਵਿੱਚ ਬਦਲਣਾ ਹਕੂਮਤ ਦੀ ਗਲਤ ਨੀਤੀ ਨੂੰ ਦਰਸਾ ਰਿਹਾ ਹੈ।

ਇਹ ਪੰਜਾਬ ਦੀ ਤਰਾਸਦੀ ਹੈ ਕਿ ਪੰਜਾਬੀ ਲੀਡਰ ਕੂਟਨੀਤੀ ਤੋਂ ਵਿਹੂਣੇ ਹਨ। ਇਸ ਸ਼ਬਦ ਤੋਂ ਬਾਅਦ ਹਰ ਜ਼ਿਹਨ ਵਿੱਚ ਇੱਕੋ ਸਵਾਲ ਪਣਪੇਗਾ ਕਿ ਇਹ ਕੂਟਨੀਤੀ ਹੈ ਕੀ ? ਕੂਟਨੀਤੀ ਦੋ ਤਰ੍ਹਾਂ ਦੀ ਹੋ ਸਕਦੀ ਹੈ। ਇੱਕ ਨਾਂਹ-ਪੱਖੀ ਤੇ ਦੂਜੀ ਹਾਂ-ਪੱਖੀ। ਨਾਂਹ ਪੱਖੀ ਕੂਟਨੀਤੀ ਨਾਲ ਹੁਕਮਰਾਨ ਲੋਕਾਂ ਨੂੰ ਆਪਣੀ ਚਲਾਕੀ ਨਾਲ ਗੁੰਮਰਾਹ ਕਰਕੇ ਉਨ੍ਹਾਂ 'ਤੇ ਰਾਜ ਕਰਦੇ ਹਨ ਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਹਨ। ਹਾਂ-ਪੱਖੀ ਕੂਟਨੀਤੀ ਨਾਲ ਲੋਕਾਂ ਦੇ ਨੁਮਾਇੰਦੇ ਆਪਣੇ ਖਿੱਤੇ ਅਤੇ ਆਪਣੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਸੁਚੱਜੀਆਂ ਨੀਤੀਆਂ ਬਣਾ ਕੇ ਉਨ੍ਹਾਂ ਦੀ ਖ਼ੁਸ਼ਹਾਲੀ ਲਈ ਕੰਮ ਕਰਦੇ ਹਨ। ਇਹ ਨਿਪੁੰਨਤਾ ਦੀ ਖੇਡ ਹੈ।

ਕੂਟਨੀਤਕ ਆਪਣੀ ਨਿਪੁੰਨਤਾ ਨਾਲ ਦੂਰ ਵਿਆਪੀ ਅਸਰ ਭਾਂਪ ਕੇ ਫ਼ੈਸਲੇ ਲੈਂਦੇ ਹਨ ਪਰ ਜੇਕਰ ਸਾਹਮਣੀ ਧਿਰ ਬੌਣੀ ਹੋਵੇ ਤਾਂ ਕੂਟਨੀਤਕ ਕੀ ਕਰ ਸਕਦਾ ਹੈ ? ਉਸ ਨਾਲ ਜੁੜੇ ਲੋਕਾਂ ਦਾ ਭਵਿੱਖ ਕੀ ਹੋਵੇਗਾ, ਇਸ ਦਾ ਅੰਦਾਜ਼ਾ ਮੈਂ 1947 ਵੇਲੇ ਦੇ ਪੰਜਾਬੀ ਲੀਡਰਾਂ ਤੇ ਕਿਸਾਨ ਲੀਡਰਾਂ ਤੋਂ ਲਾ ਰਿਹਾ ਸੀ। 1950 ਵਿੱਚ ਕਾਂਗਰਸ ਦੀ ਚਾਣਕੀਆ ਨੀਤੀ ਨੇ ਸਿੱਖ ਸਮਾਜ ਨੂੰ ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿੱਚ ਕੈਦ ਕਰ ਦਿੱਤਾ ਅਤੇ ਦਿੱਤਾ ਕੀ ? ਧਾਰਾ 25(1) ਵਿੱਚ ਸਿੱਖਾਂ ਨੂੰ ਕਕਾਰ ਪਾਉਣ ਦੀ ਖੁੱਲ੍ਹ ਦਿੱਤੀ ਗਈ ਪਰ ਦੂਜੇ ਪਾਸੇ ਧਾਰਾ 25(2) ਵਿੱਚ ਸਿੱਖਾਂ ਨੂੰ ਹਿੰਦੂਆਂ, ਜੈਨੀਆਂ ਅਤੇ ਬੋਧੀਆਂ ਦੇ ਨਾਲ ਜੋੜ ਦਿੱਤਾ, ਜਦੋਂ ਕਿ ਮੁਸਲਮਾਨਾਂ ਅਤੇ ਈਸਾਈਆਂ ਨੂੰ ਧਾਰਾ 25(2) ਤੋਂ ਅਲੱਗ ਕਰ ਦਿੱਤਾ। ਜਦੋਂ ਸੰਵਿਧਾਨ ਕਮੇਟੀ ਵਿੱਚ ਸਿੱਖਾਂ ਦੇ ਦੋ ਲੀਡਰ ਸ. ਭੂਪਿੰਦਰ ਸਿੰਘ ਮਾਨ ਅਤੇ ਸ. ਹੁਕਮ ਸਿੰਘ ਨੇ ਇਸ ਸੰਵਿਧਾਨ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਦੇ ਬਾਵਜੂਦ ਵੀ ਸੰਵਿਧਾਨ ਪਾਸ ਕਰ ਦਿੱਤਾ ਗਿਆ ਅਤੇ ਸਿੱਖ ਵਿਰਾਸਤ ਦੀ ਨਿਰਾਲੀ ਹੋਂਦ ਦਾ ਸਫਾਇਆ ਕਰ ਦਿੱਤਾ ਗਿਆ। ਹੁਣ ਜਦੋਂ ਇੱਕ ਲੜਕੀ ਨੂੰ ਨਿਆਂਇਕ ਪੇਪਰ ਵਿੱਚ ਇਸ ਕਰਕੇ ਬੈਠਣ ਤੋਂ ਰੋਕ ਦਿੱਤਾ ਗਿਆ ਕਿ ਉਸਦੀ ਕ੍ਰਿਪਾਨ ਦੀ ਲੰਬਾਈ ਵੱਧ ਹੈ। ਇਸ ਘਟਨਾ ਤੋਂ ਬਾਅਦ ਵੱਡੇ-ਵੱਡੇ ਸਿੱਖ ਲੀਡਰ ਖਸਿਆਨੀ ਬਿੱਲੀ ਖੰਡਾਂ ਨੋਚੇ ਵਾਂਗ ਬਿਆਨ ਦੇਣ ਲੱਗੇ ਹੋਏ ਹਨ ਕਿ ਅਸੀਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਮਿਲਾਂਗੇ। ਜਿਹੜੇ ਇਸ ਪਿੰਜਰੇ ਵਿੱਚੋਂ ਨਿਕਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਾਲੇ ਕਾਨੂੰਨਾਂ ਦਾ ਡਰ ਦਿੱਤਾ ਜਾਂਦਾ ਹੈ। ਅਗਲੀ ਉਦਾਹਰਨ ਤਿੰਨ ਖੇਤੀ ਕਾਲੇ ਕਾਨੂੰਨਾਂ ਦੀ ਹੈ, ਜਿਸ ਵਿੱਚ ਕਿਸਾਨ ਸਮਝਣ ਲੱਗ ਪਏ ਕਿ ਉਨ੍ਹਾਂ ਕੋਲ ਵਿਦਵਤਾ, ਸਿਆਣਪ, ਰਾਜਨੀਤੀ ਦੀ ਕਮੀ ਨਹੀਂ ਹੈ ਅਤੇ ਸ਼ਰੇਆਮ ਕਹਿਣ ਲੱਗੇ ਕਿ ਸਾਨੂੰ ਕਿਸੇ ਧਾਰਮਿਕ, ਰਾਜਨੀਤਕ ਅਤੇ ਕੂਟਨੀਤਕ ਬੰਦਿਆਂ ਦੀ ਲੋੜ ਨਹੀਂ। ਫਿਰ ਕੀ ਸੀ, ਸਾਹਮਣਾ ਕਰਨਾ ਪਿਆ ਕੂਟਨੀਤੀ ਨਾਲ, ਕਿਸਾਨ ਨੇ ਰਾਜਨੀਤਕ ਅਤੇ ਕੂਟਨੀਤਕ ਲੋਕਾਂ ਨਾਲ ਅਣਗਿਣਤ ਮੀਟਿੰਗਾਂ ਕੀਤੀਆਂ। ਪਰ ਖੇਤੀ ਕਾਨੂੰਨਾਂ ਦੀ ਵਾਪਸੀ ਤਾਂ ਹੋਈ ਪਰ ਫ਼ਸਲਾਂ ਲਈ ਸਮਰਥਨ ਮੁੱਲ ਦੀ ਗੱਲ ਉੱਥੇ ਹੀ ਖੜ੍ਹੀ ਰਹੀ। ਕਿਸਾਨਾਂ ਨੂੰ ਦਿੱਤਾ ਕੁੱਝ ਨਹੀਂ। ਰਾਜਨੀਤਕ ਬੰਦਾ ਕਦੇ ਕੋਈ ਮੌਕਾ ਨਹੀਂ ਛੱਡਦਾ, ਜਦੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਵਾਧੂ ਟੈਰਿਫ ਲਾਉਣ ਦਾ ਫਰਮਾਨ ਜਾਰੀ ਕੀਤਾ ਤਾਂ ਮੋਦੀ ਸਾਹਿਬ ਨੇ ਇੱਕ ਮਿੰਟ ਨਹੀਂ ਲਾਇਆ ਅਤੇ ਢਾਲ ਕਿਸਾਨਾਂ ਨੂੰ ਬਣਾ ਕੇ ਕੁੱਲ ਭਾਰਤ ਦੇ ਸਾਹਮਣੇ ਪੇਸ਼ ਕਰ ਦਿੱਤਾ ਕਿ ਅਸੀਂ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕਰਾਂਗੇ, ਭਾਵੇਂ ਦੇਸ਼ ਅੰਦਰ ਕਿਸਾਨੀ ਪ੍ਰਤੀ ਉਨ੍ਹਾਂ ਦੀਆਂ ਨੀਤੀਆਂ ਵੱਖਰੀਆਂ ਹਨ। ਇਸ ਸੰਦਰਭ ਵਿੱਚ ਪੰਜਾਬ ਸਰਕਾਰ ਨੇ ਵੀ ਆਪਣੀ ਕੂਟਨੀਤੀ ਅਜਮਾਈ ਅਤੇ ਕੁਝ ਕਿਸਾਨਾਂ ਨੂੰ ਖਰੀਦਿਆ ਗਿਆ, ਕੁਝ ਨੂੰ ਵੇਚਿਆ ਗਿਆ, ਕੁਝ ਤੋਂ ਆਪ ਧਰਨੇ ਲਗਵਾਏ ਗਏ। ਜਦੋਂ ਕਿਸਾਨਾਂ ਦੀ ਕਮਜ਼ੋਰੀ ਤੇ ਫੁੱਟ ਬਾਹਰ ਆਈ ਤਾਂ ਕੁੱਟ-ਕੁੱਟ ਕੇ ਭਜਾ ਦਿੱਤੇ। ਅਸਫ਼ਲ ਰਹੀ ਲੈਂਡ ਪੂਲਿੰਗ ਨੀਤੀ ਵੀ ਕਿਸਾਨਾਂ ਨੂੰ ਉਲਝਾ ਕੇ ਬਿਨਾਂ ਪੈਸੇ ਦਿੱਤਿਆਂ ਉਨ੍ਹਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਇੱਕ ਚਾਲ ਸੀ, ਜਿਸ ਤੋਂ ਫਿਲਹਾਲ ਕਿਸਾਨ ਬਚ ਗਏ ਹਨ। ਰਾਜਨੀਤੀ ਅਤੇ ਕੂਟਨੀਤੀ ਦੋਵਾਂ ਪੱਖਾਂ ਤੋਂ ਕਿਸਾਨ ਮਾਰ ਖਾ ਰਹੇ ਹਨ। ਨੀਤੀ ਇਹ ਹੈ ਕਿ ਜੇ ਕਿਸਾਨ ਕੋਲ ਜ਼ਮੀਨ ਨਹੀਂ ਹੋਵੇਗੀ ਤਾਂ ਕਿਸਾਨ ਦਾ ਕੋਈ ਵਜੂਦ ਨਹੀਂ ਹੋਵੇਗਾ। ਪਰ ਜੇ ਕਿਸਾਨ ਸਰਕਾਰਾਂ ਦੀਆਂ ਨੀਤੀਆਂ ਵਿੱਚ ਫਸ ਗਏ ਤਾਂ ਉਹ ਆਪਣੇ ਲਸਣ ਪਿਆਜ ਲਗਾਉਣ ਲਈ ਵੀ ਤਰਸਣਗੇ।

ਪਰ ਸਰਕਾਰਾਂ ਨੂੰ ਇੱਕ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬ ਦੇ ਲੋਕ ਬੇਸ਼ੱਕ ਸਿੱਧੇ-ਸਾਧੇ, ਭੋਲੇ-ਭਾਲੇ ਹਨ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਲੋਕ ਹਮੇਸ਼ਾ ਜੰਗਜੂ ਰਹੇ ਹਨ। ਇਤਿਹਾਸ ਗਵਾਹ ਰਿਹਾ ਹੈ ਕਿ ਪੰਜਾਬ ਦੇ ਰਾਜਨੀਤਕ, ਸੱਭਿਆਚਾਰਕ, ਧਾਰਮਿਕ ਮਾਮਲਿਆਂ ਤੇ ਜਦੋਂ ਵੀ ਬਾਹਰੋਂ ਠੇਸ ਵੱਜੀ ਤਾਂ ਇਹ ਲੋਕ ਆਪਣੀਆਂ ਦਾਤੀਆਂ ਨੂੰ ਕਿਰਪਾਨਾਂ ਬਣਾ ਕੇ ਹਰ ਪਿੜ ਵਿੱਚ ਅੱਗੇ ਲੱਗੇ ਹਨ। ਹਾਲੀਆ ਉਦਾਹਰਨ ਸੰਨ 1975 ਵਿੱਚ ਇੰਦਰਾ ਗਾਂਧੀ ਵਲੋਂ ਠੋਸੀ ਐਮਰਜੈਂਸੀ ਦੀ ਹੈ। ਜੇਕਰ ਇਸ ਦਾ ਵਿਰੋਧ ਕਿਸੇ ਨੇ ਅੱਗੇ ਲੱਗ ਕੇ ਕੀਤਾ ਤਾਂ ਉਹ ਪੰਜਾਬ ਦੀ ਇੱਕ ਖੇਤਰੀ ਪਾਰਟੀ ਅਕਾਲੀ ਦਲ ਹੀ ਸੀ, ਜਿਸ ਦਾ ਇਤਿਹਾਸ ਭਾਰਤ ਦੀ ਆਜ਼ਾਦੀ ਵਿੱਚ ਵੀ ਨਿਵੇਕਲਾ ਰਿਹਾ ਅਤੇ ਹੁਣ ਪੰਜਾਬ ਵਿੱਚ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਕਰਵਾਉਣ ਲਈ ਵੀ ਇਹ ਡੱਟ ਕੇ ਅੱਗੇ ਆਈ ਸੀ। ਪਰ ਇੱਕ ਗੱਲ ਸਪੱਸ਼ਟ ਹੋ ਗਈ ਜਦੋਂ ਦੂਜੇ ਹੀ ਦਿਨ ਸਰਕਾਰ ਨੇ ਹੁਕਮ ਕੀਤੇ ਕਿ ਗਮਾਡਾ ਦੀਆਂ ਸਾਰੀਆਂ ਜਾਇਦਾਦਾਂ ਨੂੰ ਇਕੱਠਾ ਕਰਕੇ ਵੀਹ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਾਵੇਗਾ। ਬਾਅਦ ਵਿੱਚ ਖ਼ਬਰ ਵੀ ਆਈ ਕਿ ਪਿੰਡਾਂ ਦੀਆਂ ਪੰਚਾਇਤਾਂ ਦੀ ਜ਼ਮੀਨ ਵੀ ਕਈ ਤਰ੍ਹਾਂ ਦੇ ਪ੍ਰਜੈਕਟਾਂ ਦੇ ਬਹਾਨੇ ਸਰਕਾਰ ਹਾਸਲ ਕਰਨਾ ਚਾਹੁੰਦੀ ਹੈ, ਤਾਂ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜੇ ਵੀ ਸਰਕਾਰ ਦੀ ਨਜ਼ਰ ਪਿੰਡਾਂ ਦੀ ਜ਼ਮੀਨ 'ਤੇ ਲੱਗੀ ਹੋਈ ਹੈ।



# ਡੇਅਰੀ ਫਾਰਮਿੰਗ ਲਈ ਚੁਣੌਤੀ ਬਣ ਰਹੀ ਹੈ ਪਸ਼ੂਆਂ ਦੀ ਘੱਟ ਉਤਪਾਦਿਕਤਾ

## ਚਾਰੇ ਦੀ ਸੰਭਾਲ ਵਿੱਚ ਵੀ ਨਵੇਂ ਤਰੀਕਿਆਂ ਅਤੇ ਤਕਨਾਲੋਜੀ ਨੂੰ ਅਪਨਾਉਣ ਦੀ ਸਖਤ ਲੋੜ ਹੈ।

ਹਾਲਾਂਕਿ ਭਾਰਤ ਦੁੱਧ ਉਤਪਾਦਨ ਵਿੱਚ ਪਹਿਲੇ ਸਥਾਨ 'ਤੇ ਹੈ ਪਰ ਫਿਰ ਵੀ ਪ੍ਰਤੀ ਜਾਨਵਰ ਔਸਤ ਦੁੱਧ ਉਤਪਾਦਨ ਬਹੁਤ ਘੱਟ ਹੈ। ਭਾਰਤ ਵਿੱਚ ਚਾਰੇ ਦੀ ਕਮੀ, ਗੁਣਵੱਤਾ ਵਾਲੇ ਚਾਰੇ ਦੀ ਕਾਸ਼ਤ ਲਈ ਜ਼ਮੀਨ ਦੀ ਕਮੀ, ਗੁਣਵੱਤਾ ਵਾਲੇ ਚਾਰੇ ਦੀ ਕਾਸ਼ਤ ਲਈ ਜ਼ਮੀਨ ਦੀ ਅਣਉਪਲਬਧਤਾ, ਗਲਤ ਸਟੋਰ ਕਰਨ ਦੇ ਤਰੀਕੇ ਅਤੇ ਖੇਤੀਬਾੜੀ ਰਹਿੰਦ-ਖੂੰਹਦ ਦੀ ਵਰਤੋਂ ਇਸ ਦੇ ਕਈ ਕਾਰਨਾਂ ਵਿੱਚੋਂ ਹੈ। ਇਸ ਤਰ੍ਹਾਂ ਨਾ ਸਿਰਫ਼ ਉਤਪਾਦਨ ਵਿੱਚ ਸਗੋਂ ਚਾਰੇ ਦੀ ਸੰਭਾਲ ਵਿੱਚ ਵੀ ਨਵੇਂ ਤਰੀਕਿਆਂ ਅਤੇ ਤਕਨਾਲੋਜੀ ਨੂੰ ਅਪਣਾਉਣ ਦੀ ਸਖਤ ਲੋੜ ਹੈ।

> ਡੇਅਰੀ ਖੇਤੀਬਾੜੀ ਦੇ ਮਹੱਤਵਪੂਰਨ ਸਹਾਇਕ ਕਿੱਤੇ ਵਜੋਂ ਉੱਭਰਿਆ ਹੈ, ਜਿਹੜਾ ਕਿ ਆਮਦਨ ਦਾ ਇਕ ਸਥਿਰ ਸਰੋਤ ਪ੍ਰਦਾਨ ਕਰਦਾ ਹੈ, ਖਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ। ਜਦੋਂ ਕਿ ਸਾਡੇ ਪਸ਼ੂਆਂ ਦੀ ਉਤਪਾਦਨ ਸਮਰੱਥਾ ਵਿਸ਼ਵ ਔਸਤ ਦੇ ਮੁਕਾਬਲੇ ਘੱਟ ਹੈ, ਜਿਸ ਲਈ ਕਾਰਨ ਹਨ - ਨਸਲ, ਫੀਡ ਅਤੇ ਚਾਰੇ ਦੀ ਘਾਟ, ਬੀਮਾਰੀ ਕੰਟਰੋਲ, ਗਲਤ ਪ੍ਰਬੰਧਨ ਆਦਿ।

ਵਧਦੀ ਆਬਾਦੀ, ਬਦਲਦੀ ਜੀਵ ਸ਼ੈਲੀ, ਸ਼ਹਿਰੀਕਰਨ ਦਾ ਵਿਸਥਾਰ ਅਤੇ ਜਲਵਾਯੂ ਤਬਦੀਲੀ ਪਸ਼ੂ ਉਤਪਾਦਨ ਪ੍ਰਣਾਲੀਆਂ ਵਿੱਚ ਨਵੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ। ਪਹਿਲੀ ਚੁਣੌਤੀ ਭਰਪੂਰ ਖੁਰਾਕ ਸੀ, ਪਰ ਹੁਣ ਸਿਹਤ, ਖਾਸ ਕਰ ਕੇ ਪ੍ਰਜਣਨ ਸਿਹਤ ਅਤੇ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਨ ਦੀ ਹੈ। ਇਸ ਤੋਂ ਇਲਾਵਾ ਪਸ਼ੂਆਂ ਦੀ ਜੈਵ ਵਿਭਿੰਨਤਾ, ਜੋ ਕਿ ਲੰਬੇ ਸਮੇਂ ਦੀ ਉਤਪਾਦਕਤਾ ਨੂੰ ਕਾਇਮ ਰੱਖਣ ਲਈ ਬਹੁਤ ਮਹੱਤਵਪੂਰਨ ਹੈ, ਵੀ ਖਤਰੇ ਵਿੱਚ ਹੈ। ਪਸ਼ੂਧਨ ਖੇਤਰ ਵਿੱਚ ਵਿਦੇਸ਼ੀ ਜਰਮਪਲਾਜ਼ਮ ਅਧਾਰਿਤ ਕਰਾਸ ਬਰੀਡਿੰਗ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਨ ਦੇ ਕਾਰਨ, ਬਿਹਤਰ ਅਨੁਕੂਲਤਾ ਅਤੇ ਫੀਡ ਕੁਸ਼ਲਤਾ ਅਨੁਪਾਤ ਵਾਲੀਆਂ ਦੇਸੀ ਨਸਲਾਂ ਦੀ ਗਿਣਤੀ ਘਟ ਰਹੀ ਹੈ। ਦੁੱਧ ਦੀ ਪੈਦਾਵਾਰ ਨੂੰ ਅੰਨ੍ਹੇਵਾਹ ਵਧਾਉਣ ਦੀਆਂ ਕੋਸ਼ਿਸ਼ਾਂ ਵਿੱਚ ਦੋਗਲੀਆਂ ਨਸਲਾਂ ਵੱਧ ਗਈਆਂ ਹਨ। ਇਸ ਲਈ ਭਾਰਤੀ ਦੇਸੀ ਨਸਲਾਂ ਦੀ ਉਤਪਾਦਕਾਂ ਨੂੰ ਸੁਰੱਖਿਅਤ ਰੱਖਣਾ ਅਤੇ ਬਿਹਤਰ ਬਣਾਉਣਾ ਸਮੇਂ ਦੀ ਲੋੜ ਹੈ।

ਘੱਟ ਉਤਪਾਦਕ ਪਸ਼ੂਆਂ ਦੀ ਇੱਕ ਵੱਡੀ ਆਬਾਦੀ ਵਿੱਚ ਸੁਧਾਰ ਕਰਨਾ ਪ੍ਰਮੁੱਖ ਚੁਣੌਤੀਆਂ ਵਿੱਚੋਂ ਇੱਕ ਹੈ, ਭਾਰਤੀ ਪਸ਼ੂਆਂ ਦਾ ਔਸਤ ਦੁੱਧ ਉਤਪਾਦਨ 3.73 ਕਿਲੋਗ੍ਰਾਮ, ਕਰਾਸਬ੍ਰੀਡ ਪਸ਼ੂ 7.61 ਕਿਲੋਗ੍ਰਾਮ ਅਤੇ ਗੈਰ-ਵਰਨਣ ਯੋਗ ਪਸ਼ੂ 2.41 ਕਿਲੋਗ੍ਰਾਮ ਪ੍ਰਤੀ ਦਿਨ ਹੈ, ਜਦੋਂ ਕਿ ਗਾਵਾਂ ਦਾ 6.91 ਕਿਲੋਗ੍ਰਾਮ, ਮੱਝਾਂ ਦਾ 4.21 ਕਿਲੋਗ੍ਰਾਮ ਪ੍ਰਤੀ ਦਿਨ ਹੈ, ਜੋ ਕਿ ਵਿਸ਼ਵ ਔਸਤ ਦਾ ਸਿਰਫ਼ 50% ਹੈ।

ਪਸ਼ੂਆਂ ਵਿੱਚ ਟੀਕਾਕਰਨ ਅਤੇ ਕੀੜੇ-ਮਕੌੜਿਆਂ ਦੀ ਰੋਕਥਾਮ ਵੀ ਕਾਫ਼ੀ ਨਹੀਂ ਹੈ। ਮੂੰਹ-ਖੁਰ, ਬਲੈਕ ਕੁਆਰਟਰ, ਮੈਸਟਾਈਟਸ, ਬਰੂਸੀਲੋਸਿਸ ਆਦਿ ਵਰਗੀਆਂ ਬੀਮਾਰੀਆਂ ਦਾ ਵਾਰ-ਵਾਰ ਪ੍ਰਕੋਪ ਵੀ ਪਸ਼ੂਆਂ ਦੀ ਉਤਪਾਦਕਤਾ ਨੂੰ ਘਟਾਉਂਦਾ ਹੈ।

ਬੁਨਿਆਦੀ ਢਾਂਚੇ (ਹਸਪਤਾਲ ਅਤੇ ਡਾਇਗਨੌਸਟਿਕ ਲੈਬਾਂ) ਅਤੇ ਤਕਨੀਕੀ ਮਨੁੱਖੀ ਸ਼ਕਤੀ ਜਿਵੇਂ ਵੈਟਨਰੀ ਸਹਾਇਤਾ ਕਈ ਵਾਰ ਹਰ ਜਗ੍ਹਾ ਉਪਲਬਧ ਨਹੀਂ ਹੁੰਦੀ। ਹੋਰ ਖੇਤੀਬਾੜੀ ਖੇਤਰਾਂ ਦੇ ਮੁਕਾਬਲੇ ਸਬਸਿਡੀ ਅਤੇ ਬੈਂਕ ਕਰਜ਼ਾ ਵੀ ਘੱਟ ਮਿਲਦਾ ਹੈ। ਪਸ਼ੂਪਾਲਣ ਵਿਸਥਾਰ ਨੂੰ ਵੀ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਭਾਰਤ ਵਿੱਚ ਸਿਰਫ਼ 5% ਕਿਸਾਨ ਪਰਿਵਾਰ ਹੀ ਪਸ਼ੂ ਪਾਲਣ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ, ਜਦੋਂ ਕਿ ਫ਼ਸਲਾਂ ਦੀ ਖੇਤੀ ਲਈ ਇਹ ਸੰਖਿਆ 40.4% ਹੈ। ਸੰਗਠਿਤ ਬਾਜ਼ਾਰਾਂ ਤੱਕ ਪਹੁੰਚ ਦੀ ਘਾਟ ਅਤੇ ਘੱਟ ਮੁਨਾਫਾ ਕਿਸਾਨਾਂ ਨੂੰ ਸੁਧਰੀਆਂ ਤਕਨਾਲੋਜੀਆਂ ਅਤੇ ਗੁਣਵੱਤਾ ਵਾਲੇ ਇਨਪੁਟਸ ਵਿੱਚ ਨਿਵੇਸ਼ ਕਰਨ ਤੋਂ ਰੋਕਦਾ ਹੈ। ਬਾਜ਼ਾਰ ਵਿੱਚ ਵਿਚੋਲੇ ਅਕਸਰ ਉਤਪਾਦਕਾਂ ਦਾ ਸ਼ੋਸ਼ਣ ਕਰਦੇ ਹਨ।

**ਚੁਣੌਤੀਆਂ ਨੂੰ ਘਟਾਉਣ ਲਈ ਰਣਨੀਤੀਆਂ**

ਰਾਸ਼ਨ ਸੰਤੁਲਨ/ਸੰਤੁਲਿਤ ਖੁਰਾਕ-ਪਸ਼ੂਆਂ ਦੀ ਖੁਰਾਕ ਪਸ਼ੂਆਂ ਦੇ ਉਤਪਾਦਨ ਵਿੱਚ ਸਭ ਤੋਂ ਮਹੱਤਵਪੂਰਨ ਇਨਪੁਟ ਹੈ। ਚਾਰੇ ਦੀ ਘਾਟ, ਫੀਡ ਦੀ ਮਾੜੀ ਪੌਸ਼ਟਿਕ ਗੁਣਵੱਤਾ ਅਤੇ ਅਸੰਤੁਲਿਤ ਖੁਰਾਕ ਮੁੱਖ ਸਮੱਸਿਆਵਾਂ ਹਨ, ਜੋ ਉਤਪਾਦਨ 'ਤੇ ਪ੍ਰਭਾਵ ਪਾਉਂਦੀਆਂ ਹਨ। ਸਾਲ ਭਰ ਚਾਰੇ ਦੀ ਉਪਲਬਧਤਾ ਵਧਾਉਣ ਦੀ ਰਣਨੀਤੀ ਦਾ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਅਸਫਲਤਾ ਨੂੰ ਘੱਟ ਕਰਨ ਲਈ ਅੰਤਰ ਫਸਲੀ ਜਾਂ ਮਿਸ਼ਰਤ ਫ਼ਸਲਾਂ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਕੁਸ਼ਲ ਪ੍ਰਬੰਧਨ ਵੀ ਜ਼ਰੂਰੀ ਹੈ। ਚਾਰੇ ਦੀ ਕਮੀ ਵਾਲੇ ਖੇਤਰਾਂ ਵਿੱਚ ਚਾਰਾ ਬੈਂਕਾਂ ਦੀ ਸਥਾਪਨਾ ਛੋਟੇ ਕਿਸਾਨਾਂ ਨੂੰ ਕਮੀ ਦੌਰਾਨ ਆਪਣੇ ਪਸ਼ੂਆਂ ਨੂੰ ਭੋਜਨ ਦੇਣ ਵਿੱਚ ਮਦਦ ਕਰ ਸਕਦੀ ਹੈ।

**- ਡਾ. ਮਧੂ ਸ਼ੈਲੀ ਅਤੇ ਡਾ. ਤੇਜਬੀਰ ਸਿੰਘ**

# ਪੌਸ਼ਟਿਕਤਾ ਤੇ ਆਤਮਨਿਰਭਰਤਾ ਵੱਲ ਇਕ ਕਦਮ ਘਰੇਲੂ ਬਗੀਚੀ

ਪ੍ਰਕਾਸ਼ ਮਹਲਾ ਅਤੇ ਨਵਜੋਤ ਸਿੰਘ ਬਰਾੜ, ਖੇਤਰੀ ਖੋਜ ਕੇਂਦਰ, ਅਬੋਹਰ



ਕਿਸਾਨ ਵੀਰੋ ਤੁਸੀਂ ਘਰ ਬਗੀਚੀ ਬਾਰੇ ਬਹੁਤ ਸੁਣਿਆ ਹੋਵੇਗਾ ਅਤੇ ਕੁਝ ਆਪਣੇ ਘਰ ਦੇ ਆਲੇ-ਦੁਆਲੇ ਘਰ ਬਗੀਚੀ ਕਰਦੇ ਵੀ ਹੋਵੋਂਗੇ ਪਰ ਜੇਕਰ ਘਰ ਬਗੀਚੀ ਨੂੰ ਵਿਗਿਆਨਿਕ ਤਰੀਕੇ ਨਾਲ ਕੀਤਾ ਜਾਵੇ ਤਾਂ ਇਹ ਜ਼ਿਆਦਾ ਲਾਭਦਾਇਕ ਹੋ ਸਕਦੀ ਹੈ। ਘਰ ਬਗੀਚੀ ਦਾ ਮੁੱਖ ਉਦੇਸ਼ ਪਰਿਵਾਰ ਨੂੰ ਤਾਜ਼ਾ ਸਬਜ਼ੀਆਂ ਦੇਣਾ ਹੈ। ਘਰ ਬਗੀਚੀ ਚੰਗੀ ਸਿਹਤ ਅਤੇ ਆਰਥਿਕ ਪੱਖੋਂ ਕਿਸਾਨਾਂ ਲਈ ਬਹੁਤ ਹੀ ਲਾਭਦਾਇਕ ਹੈ। ਘਰ ਬਗੀਚੀ ਤੋਂ ਭਾਵ ਹੈ ਆਪਣੇ ਘਰ ਵਿੱਚ ਆਪਣੇ ਖਾਣ ਲਈ ਸਬਜ਼ੀਆਂ ਦੀ ਕਾਸ਼ਤ ਕਰਨੀ।

ਪਰਿਵਾਰ ਦਿਨੋਂ ਦਿਨ ਵਧ ਰਹੇ ਹਨ ਅਤੇ ਕਾਸ਼ਤ ਲਈ ਜ਼ਮੀਨਾਂ ਵੀ ਘੱਟ ਰਹੀਆਂ ਹਨ। ਵੱਧਦੀ ਜੰਨਸੰਖਿਆ ਦਾ ਢਿੱਡ ਭਰਨ ਲਈ ਖੇਤੀ ਹੇਠੋਂ ਜ਼ਮੀਨ ਵੀ ਜ਼ਿਆਦਾ ਨਹੀਂ ਘਟਾਈ ਜਾ ਸਕਦੀ। ਸਬਜ਼ੀਆਂ ਦੀ ਜ਼ਿਆਦਾ ਮੰਗ ਅਤੇ ਘੱਟ ਪੈਦਾਵਾਰ ਹੋਣ ਨਾਲ ਸਬਜ਼ੀਆਂ ਦਾ ਮੁੱਲ ਬਜ਼ਾਰ ਵਿੱਚ ਕਾਫ਼ੀ ਜ਼ਿਆਦਾ ਹੁੰਦਾ ਹੈ ਜਿਸ ਨਾਲ ਕਿਸਾਨ ਦੀ ਜੇਬ ਉੱਤੇ ਆਰਥਿਕ ਬੋਝ ਵੱਧ ਜਾਂਦਾ ਹੈ। ਹਰ ਇੱਕ ਵਿਅਕਤੀ ਦੇ ਵਿਕਾਸ ਲਈ ਪੌਸ਼ਟਿਕ ਭੋਜਨ ਦੀ ਰੋਜ਼ ਜ਼ਰੂਰਤ ਹੁੰਦੀ ਹੈ। ਹਰ ਮਨੁੱਖ ਨੂੰ ਔਸਤਨ ਰੋਜ਼ਾਨਾ 300 ਗ੍ਰਾਮ ਸਬਜ਼ੀ ਦਾ ਸੇਵਨ ਕਰਨਾ ਬਹੁਤ ਹੀ ਜ਼ਰੂਰੀ ਹੁੰਦਾ ਹੈ, ਕਿਉਂਕਿ ਇਹਨਾਂ ਤੋਂ ਪ੍ਰੋਟੀਨ, ਕਾਰਬੋਹਾਈਡਰੇਟ ਆਦਿ ਜ਼ਰੂਰੀ ਤੱਤ ਮਨੁੱਖ ਨੂੰ ਸਿੱਧੇ ਤੌਰ ਤੇ ਮਿਲਦੇ ਹਨ। ਬਾਜ਼ਾਰ ਵਿੱਚ ਸਬਜ਼ੀਆਂ ਜ਼ਿਆਦਾਤਰ ਮਹਿੰਗੀਆਂ ਹੁੰਦੀਆਂ ਹਨ। ਸਬਜ਼ੀਆਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ ਪਰ ਅੱਜਕਲ ਕੀਟਨਾਸ਼ਕ ਅਤੇ ਰਸਾਇਣਿਕ ਖਾਦਾਂ ਦੀ ਲੋੜ ਨਾਲੋਂ ਵੱਧ ਵਰਤੋਂ ਕਰਕੇ ਇਹ ਮਨੁੱਖੀ ਸਿਹਤ ਲਈ ਖ਼ਤਰਨਾਕ ਸਾਬਤ ਹੋ ਰਹੀਆਂ ਹਨ, ਜਿਸ ਕਾਰਨ ਘਰ ਬਗੀਚੀ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ।

ਘਰ ਬਗੀਚੀ ਘਰ ਦੇ ਨੇੜੇ ਉਹ ਜਗ੍ਹਾ ਹੁੰਦੀ ਹੈ ਜਿੱਥੇ ਅਸੀਂ ਪਰਿਵਾਰ ਦੀ ਲੋੜ ਅਨੁਸਾਰ ਸਬਜ਼ੀਆਂ ਦੀ ਸਾਰਾ ਸਾਲ ਕਾਸ਼ਤ ਕਰ ਸਕਦੇ ਹਾਂ। ਜ਼ਿਆਦਾਤਰ ਇਹ ਘਰ ਦੇ ਨਾਲ ਲਗਦੀ ਜਗ੍ਹਾ ਵਿੱਚ ਹੁੰਦੀ ਹੈ। ਘਰ ਬਗੀਚੀ ਹੇਠ ਜਗ੍ਹਾ ਲਿਆਉਣ ਤੋਂ ਪਹਿਲਾਂ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜ਼ਮੀਨ ਦੀ ਸਿਹਤ ਠੀਕ ਹੋਵੇ, ਕਿਸੇ ਪ੍ਰਕਾਰ ਦੇ ਨਿਮਾਟੋਡ ਦਾ ਕੋਈ ਹਮਲਾ ਨਾ ਹੋਵੇ, ਪਾਣੀ ਦੀ ਉਪਲੱਬਧਤਾ ਹੋਵੇ ਅਤੇ ਸੂਰਜ ਦੀ ਰੋਸ਼ਨੀ ਪੂਰਨ ਤੌਰ ਉੱਤੇ ਪੈਂਦੀ ਹੋਵੇ। ਘਰ ਬਗੀਚੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੀ ਮਾਡਲ ਦਿੱਤਾ ਗਿਆ ਹੈ ਜਿਸ ਵਿੱਚ ਲਗਭਗ 1.4 ਮਰਲੇ ਜ਼ਮੀਨ ਵਿੱਚ ਸਾਰਾ ਸਾਲ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ, ਜੋ ਕਿ 4-5 ਜੀਆਂ ਦੇ ਪਰਿਵਾਰ ਲਈ ਕਾਫ਼ੀ ਹੁੰਦੀ ਹੈ।

### ਘਰ ਬਗੀਚੀ ਲਈ ਧਿਆਨ ਦੇਣ ਯੋਗ ਮੁੱਖ ਗੱਲਾਂ

ਘਰ ਬਗੀਚੀ ਛਾਂ ਵਾਲੀ ਜਗ੍ਹਾਂ ਤੋਂ ਦੂਰ ਬਣਾਉਣੀ ਚਾਹੀਦੀ ਹੈ। ਇਹ ਜਗ੍ਹਾ ਘਰ ਦੇ ਨੇੜੇ ਹੀ ਹੋਣੀ ਚਾਹੀਦੀ ਹੈ ਤਾਂ ਜੋ ਸਮਾਂ ਮਿਲਣ ਤੇ ਤੁਸੀਂ ਉੱਥੇ ਕੰਮ ਕਰ ਸਕੋ ਅਤੇ ਨਿਗਰਾਨੀ ਵੀ ਹੋ ਸਕੇ। ਸਬਜ਼ੀਆਂ ਦੀ ਚੋਣ ਘਰ ਦੀ ਪੂਰੇ ਸਾਲ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਕਰਨੀ ਚਾਹੀਦੀ ਹੈ। ਘਰ ਬਗੀਚੀ ਲਈ ਖਰਚਾ ਘੱਟ ਤੋਂ ਘੱਟ ਆਵੇ। ਬਿਮਾਰੀਆਂ ਅਤੇ ਕੀੜੀਆਂ ਲਈ ਪ੍ਰਤੀਰੋਧੀ ਕਿਸਮਾਂ ਦੀ ਚੋਣ ਕਰੋ। ਘਰ ਬਗੀਚੀ ਦਾ ਸਾਰਾ ਕੰਮ ਪਰਿਵਾਰ ਦੇ ਮੈਂਬਰਾਂ ਨੂੰ ਹੀ ਕਰਨਾ ਚਾਹੀਦਾ ਹੈ। ਜੇ ਹੋ ਸਕੇ ਤਾਂ ਕੁਦਰਤੀ ਤੌਰ ਤੇ ਹੀ ਘਰ ਬਗੀਚੀ ਮਾਡਲ ਬਣਾਓ। ਜਗ੍ਹਾਂ ਦਾ ਵੱਧ ਤੋਂ ਵੱਧ ਸਹੀ ਉਪਯੋਗ ਕਰਨਾ ਚਾਹੀਦਾ ਹੈ ਤਾਂ ਜੋ ਜਗ੍ਹਾਂ ਖਾਲੀ ਨਾ ਰਹੇ ਅਤੇ ਵੱਧ ਤੋਂ ਵੱਧ ਸਬਜ਼ੀਆਂ ਲਈਆਂ ਜਾ ਸਕਣ। ਵੱਟਾਂ ਉਤੇ ਗਾਜਰ, ਮੂਲੀ ਅਤੇ ਪੱਤੇਦਾਰ ਸਬਜ਼ੀਆਂ ਦੀ ਬਿਜਾਈ ਕਰਨੀ ਚਾਹੀਦੀ ਹੈ। ਕੰਧ ਜਾਂ ਵਾੜ ਦੇ ਸਹਾਰੇ ਵੇਲ ਵਾਲੀਆਂ ਸਬਜ਼ੀਆਂ ਲਗਾਈਆਂ ਜਾ ਸਕਦੀਆਂ ਹਨ।

### ਕਰ ਬਗੀਚੀ ਕਰਨ ਦੇ ਲਾਭ

ਘਰ ਦੇ ਆਸ ਪਾਸ ਖਾਲੀ ਥਾਂ ਦੀ ਸਹੀ ਵਰਤੋਂ ਹੁੰਦੀ ਹੈ। ਪੂਰੇ ਸਾਲ ਲਈ ਤਾਜ਼ੀ ਸਬਜ਼ੀਆਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਫ਼ਲ ਅਤੇ ਸਬਜ਼ੀਆਂ ਹਾਨੀਕਾਰਕ ਕੀਟਨਾਸ਼ਕਾਂ ਤੋਂ ਰਹਿਤ ਹੁੰਦੀਆਂ ਹਨ। ਪਰਿਵਾਰ ਨੂੰ ਆਰਥਿਕ ਤੌਰ ਤੇ ਫਾਇਦਾ ਹੁੰਦਾ ਹੈ। ਪਰਿਵਾਰ ਨੂੰ ਚੰਗਾ ਅਤੇ ਸੰਤੁਲਿਤ ਪੋਸ਼ਣ ਮਿਲਦਾ ਹੈ। ਘਰ ਵਿੱਚ ਬੀਜੀਆਂ ਸਬਜ਼ੀਆਂ ਬਜ਼ਾਰ ਨਾਲੋਂ ਜ਼ਿਆਦਾ ਸਵਾਦ ਬਣਦੀਆਂ ਹਨ। ਰਸੋਈ ਘਰ ਦੀ ਰਹਿੰਦ-ਖੂੰਹਦ ਅਤੇ ਛਿਲਕਿਆਂ ਆਦਿ ਦੀ ਕੰਪੋਸਟ ਬਣਾ ਕੇ ਉਸ ਨੂੰ ਘਰ ਬਗੀਚੀ ਵਿੱਚ ਖਾਦ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਰਸੋਈ ਦੇ ਫਿਲਟਰ ਦੇ ਵਾਧੂ ਪਾਣੀ ਜਾਂ ਹੋਰ ਵਾਧੂ ਪਾਣੀ ਨੂੰ ਘਰ ਬਗੀਚੀ ਵਿੱਚ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਵਾਧੂ ਸਮੇਂ ਦਾ ਸਦ-ਉਪਯੋਗ ਕਰਨ ਦਾ ਇਹ ਇੱਕ ਵਧੀਆ ਸਾਧਨ ਹੈ। ਘਰ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਿੱਚ ਵੀ ਸਹਾਈ ਹੁੰਦੀ ਹੈ।

### ਘਰ ਬਗੀਚੀ ਦਾ ਮਾਡਲ

ਸੋ ਉਪਰੋਕਤ ਨੁਕਤੇ ਅਪਣਾਅ ਕੇ ਅਸੀਂ ਥੋੜ੍ਹੀ ਥਾਂ ਵਿੱਚ ਹੀ ਪਰਿਵਾਰ ਲਈ ਜ਼ਰੂਰੀ ਸਬਜ਼ੀਆਂ ਪੈਦਾ ਕਰ ਸਕਦੇ ਹਾਂ। ਜਿਸ ਦੇ ਨਾਲ ਸਾਡਾ ਰੋਜ਼ ਦਾ ਖਰਚਾ ਵੀ ਘੱਟਦਾ ਹੈ ਅਤੇ ਪਰਿਵਾਰ ਨੂੰ ਪੌਸ਼ਟਿਕ ਭੋਜਨ ਵੀ ਮਿਲਦਾ ਹੈ। ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ ਕਿਉਂਕਿ ਅੱਜਕਲ ਬਜ਼ਾਰ ਵਿੱਚ ਜ਼ਹਿਰੀਲੀਆਂ ਸਬਜ਼ੀਆਂ ਜੋ ਕਿ ਵੱਧ ਰਸਾਇਣਿਕ ਛਿੜਕਾਅ ਕੇ ਪੈਦਾ ਕੀਤੀਆਂ ਜਾਂਦੀਆਂ ਹਨ, ਹੀ ਜ਼ਿਆਦਾਤਰ ਮਿਲਦੀਆਂ ਹਨ ਅਤੇ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਨਕਲੀ ਸਪਰੇਆਂ ਕਰਕੇ ਹਰਾ ਅਤੇ ਤਾਜ਼ਾ ਰੱਖਿਆ ਜਾਂਦਾ ਹੈ।

# ਪੋਸ਼ਣ ਮਾਈਨਿੰਗ : ਰੋਗਾਂ ਦੇ ਅਸਲੀ ਕਾਰਨ

ਪੋਸ਼ਣ ਮਾਈਨਿੰਗ ਜਿਸ ਨੂੰ ਪੌਸ਼ਟਿਕ ਮਾਈਨਿੰਗ ਜਾਂ ਮਿੱਟੀ ਦੇ ਪੌਸ਼ਟਿਕ ਤੱਤਾਂ ਦੀ ਕਮੀ ਵੀ ਕਿਹਾ ਜਾਂਦਾ ਹੈ, ਮਿੱਟੀ ਤੋਂ ਜ਼ਰੂਰੀ ਪੌਸ਼ਟਿਕ ਤੱਤਾਂ ਦੇ ਨੁਕਸਾਨ ਨੂੰ ਦਰਸਾਉਂਦਾ ਹੈ। ਅਕਸਰ ਤੀਬਰ ਖੇਤੀ ਅਭਿਆਸਾਂ, ਜੰਗਲਾਂ ਦੀ ਕਟਾਈ ਜਾਂ ਹੋਰ ਮਨੁੱਖੀ ਗਤੀਵਿਧੀਆਂ ਦੇ ਕਾਰਨ। ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ ਆ ਸਕਦੀ ਹੈ ਅਤੇ ਉਸ ਮਿੱਟੀ ਵਿੱਚ ਉਗਾਈਆਂ ਜਾਣ ਵਾਲੀਆਂ ਫ਼ਸਲਾਂ ਦੀ ਪੋਸ਼ਣ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ। ਮਨੁੱਖੀ ਸਿਹਤ 'ਤੇ ਪੋਸ਼ਣ ਮਾਈਨਿੰਗ ਦਾ ਪ੍ਰਭਾਵ ਮਹੱਤਵਪੂਰਨ ਹੋ ਸਕਦਾ ਹੈ। ਜਦੋਂ ਫ਼ਸਲਾਂ ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਮਿੱਟੀ ਵਿੱਚ ਉਗਾਈਆਂ ਜਾਂਦੀਆਂ ਹਨ ਤਾਂ ਉਹ ਜ਼ਰੂਰੀ ਵਿਟਾਮਿਨ ਅਤੇ ਖਣਿਜਾਂ ਦੀ ਲੋੜੀਂਦੀ ਮਾਤਰਾ ਪ੍ਰਦਾਨ ਨਹੀਂ ਕਰ ਸਕਦੀਆਂ। ਇਹ ਇਨ੍ਹਾਂ ਵਿੱਚ ਯੋਗਦਾਨ ਪਾ ਸਕਦਾ ਹੈ :

1. ਸੂਖਮ ਪੌਸ਼ਟਿਕ ਤੱਤਾਂ ਦੀ ਕਮੀ (ਜਿਵੇਂ ਕਿ ਆਇਰਨ, ਜ਼ਿੰਕ, ਵਿਟਾਮਿਨ ਏ)।

2. ਘੱਟ ਇਮਿਊਨ ਫੰਕਸ਼ਨ, ਜਿਸ ਨਾਲ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਿਚ ਕਮੀ ਹੋਣਾ।

3. ਸਦੀਵੀ ਬਿਮਾਰੀਆਂ ਦਾ ਵਧਿਆ ਹੋਇਆ ਜ਼ੋਖ਼ਮ (ਜਿਵੇਂ ਕਿ ਦਿਲ ਦੀ ਬਿਮਾਰੀ, ਸ਼ੂਗਰ, ਹੱਡੀਆਂ ਦੇ ਰੋਗ, ਮਾਨਸਿਕ ਵਿਕਾਰ) ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਲਈ, ਟਿਕਾਊ ਖੇਤੀਬਾੜੀ ਅਭਿਆਸ, ਮਿੱਟੀ ਸੰਭਾਲ ਅਤੇ ਫ਼ਸਲੀ ਚੱਕਰ ਮਿੱਟੀ ਦੀ ਸਿਹਤ ਅਤੇ ਪੌਸ਼ਟਿਕ ਤੱਤਾਂ ਦੇ ਪੱਧਰ ਨੂੰ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਨ। ਮਿੱਟੀ ਤੋਂ ਪੋਸ਼ਣ ਮਾਈਨਿੰਗ ਕਈ ਤਰੀਕਿਆਂ ਨਾਲ ਪੁਰਾਣੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ।

1. **ਸੂਖਮ ਪੌਸ਼ਟਿਕ ਤੱਤਾਂ ਦੀ ਕਮੀ** : ਜਦੋਂ ਮਿੱਟੀ ਵਿੱਚ ਆਇਰਨ, ਜ਼ਿੰਕ ਅਤੇ ਸੇਲੇਨੀਅਮ ਵਰਗੇ ਜ਼ਰੂਰੀ ਸੂਖਮ ਪੌਸ਼ਟਿਕ ਤੱਤਾਂ ਦੀ ਘਾਟ ਹੋ ਜਾਂਦੀ ਹੈ ਤਾਂ ਉਸ ਮਿੱਟੀ ਵਿੱਚ ਉਗਾਈਆਂ ਜਾਣ ਵਾਲੀਆਂ ਫ਼ਸਲਾਂ ਇਨ੍ਹਾਂ ਪੌਸ਼ਟਿਕ ਤੱਤਾਂ ਦੀ ਲੋੜੀਂਦੀ ਮਾਤਰਾ ਪ੍ਰਦਾਨ ਨਹੀਂ ਕਰ ਸਕਦੀਆਂ। ਇਸ ਨਾਲ ਕਮੀਆਂ ਹੋ ਸਕਦੀਆਂ ਹਨ, ਜੋ ਪੁਰਾਣੀਆਂ ਬਿਮਾਰੀਆਂ ਦੇ ਜੋਖ਼ਮ ਨੂੰ ਵਧਾ ਸਕਦੀਆਂ ਹਨ।



2. **ਘੱਟ ਐਂਟੀਆਕਸੀਡੈਂਟ ਸਮੱਗਰੀ** : ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਮਿੱਟੀ ਦੇ ਨਤੀਜੇ ਵਜੋਂ ਐਂਟੀਆਕਸੀਡੈਂਟ ਦੇ ਘੱਟ ਪੱਧਰ ਵਾਲੀਆਂ ਫ਼ਸਲਾਂ ਹੋ ਸਕਦੀਆਂ ਹਨ, ਜੋ ਆਕਸੀਡੇਟਿਵ ਤਣਾਅ ਅਤੇ ਸੋਜਸ਼ ਤੋਂ ਬਚਾਉਣ ਵਿੱਚ ਮਦਦ ਕਰਦੀਆਂ ਹਨ। ਪੁਰਾਣੀ ਸੋਜਸ਼ ਕਈ ਪੁਰਾਣੀਆਂ ਬਿਮਾਰੀਆਂ ਲਈ ਇੱਕ ਜਾਣਿਆ-ਪਛਾਣਿਆ ਜੋਖ਼ਮ ਕਾਰਕ ਹੈ।

3. **ਅਸੰਤੁਲਿਤ ਪੌਸ਼ਟਿਕ ਤੱਤਾਂ ਦੀ ਪ੍ਰੋਫਾਈਲ** : ਮਿੱਟੀ ਦੇ ਪੌਸ਼ਟਿਕ ਤੱਤਾਂ ਦੀ ਕਮੀ ਫ਼ਸਲਾਂ ਵਿੱਚ ਇੱਕ ਅਸੰਤੁਲਿਤ ਪੌਸ਼ਟਿਕ ਤੱਤਾਂ ਦੀ ਪ੍ਰੋਫਾਈਲ ਦਾ ਕਾਰਨ ਬਣ ਸਕਦੀ ਹੈ, ਜੋ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਦਾਹਰਨ ਲਈ ਬਹੁਤ ਜ਼ਿਆਦਾ ਨਾਈਟ੍ਰੋਜਨ ਅਤੇ ਹੋਰ ਜ਼ਰੂਰੀ ਪੌਸ਼ਟਿਕ ਤੱਤਾਂ ਦਾ ਘੱਟ ਪੱਧਰ ਪੁਰਾਣੀਆਂ ਬਿਮਾਰੀਆਂ ਵਿੱਚ ਯੋਗਦਾਨ ਪਾ ਸਕਦਾ ਹੈ।

4. **ਅੰਤੜੀਆਂ ਦੀ ਸਿਹਤ 'ਤੇ ਪ੍ਰਭਾਵ** : ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਮਿੱਟੀ ਭੋਜਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜੋ ਬਦਲੇ ਵਿੱਚ ਅੰਤੜੀਆਂ ਦੀ ਸਿਹਤ ਨੂੰ ਪ੍ਰਭਾਵਤ ਕਰ ਸਕਦੀ ਹੈ। ਅੰਤੜੀਆਂ ਦੇ ਮਾਈਕ੍ਰੋਬਾਇਓਟਾ ਦੇ ਅਸੰਤੁਲਨ ਨੂੰ ਕਈ ਪੁਰਾਣੀਆਂ ਬਿਮਾਰੀਆਂ ਨਾਲ ਜੋੜਿਆ ਗਿਆ ਹੈ।

ਇਨ੍ਹਾਂ ਜ਼ੋਖ਼ਮਾਂ ਨੂੰ ਘਟਾਉਣ ਲਈ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ, ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਨਾ ਅਤੇ ਪੂਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਨਾਲ ਭਰਪੂਰ ਸੰਤੁਲਿਤ ਖ਼ੁਰਾਕ ਦਾ ਸੇਵਨ ਕਰਨਾ ਜ਼ਰੂਰੀ ਹੈ। ਟਿਕਾਊ ਖੇਤੀ ਮਿੱਟੀ ਦੇ ਪੌਸ਼ਟਿਕ ਤੱਤਾਂ ਨੂੰ ਭਰਨ ਤੇ ਮਿੱਟੀ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**ਕੁਝ ਅਭਿਆਸ**

1. **ਫ਼ਸਲਾਂ ਦਾ ਚੱਕਰ** : ਫ਼ਸਲਾਂ ਨੂੰ ਘੁਮਾਉਣ ਨਾਲ ਮਿੱਟੀ ਦੇ ਪੌਸ਼ਟਿਕ ਤੱਤਾਂ ਨੂੰ ਭਰਨ, ਕੀੜਿਆਂ ਅਤੇ ਬਿਮਾਰੀਆਂ ਨੂੰ ਘਟਾਉਣ ਅਤੇ ਮਿੱਟੀ ਦੀ ਬਣਤਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲਦੀ ਹੈ।

2. **ਜੈਵਿਕ ਸੋਧਾਂ** : ਦੇਸੀ ਰੂੜੀ ਖਾਦਾਂ ਜਾਂ ਹਰੀ ਖਾਦ ਵਰਗੇ ਜੈਵਿਕ ਪਦਾਰਥਾਂ ਦੀ ਵਰਤੋਂ ਮਿੱਟੀ ਵਿੱਚ ਪੌਸ਼ਟਿਕ ਤੱਤ ਜੋੜਦੀ ਹੈ, ਇਸ ਦੀ ਉਪਜਾਊ ਸ਼ਕਤੀ ਅਤੇ ਬਣਤਰ ਨੂੰ ਬਿਹਤਰ ਬਣਾਉਂਦੀ ਹੈ।

3. **ਕਵਰ ਫ਼ਸਲ** : ਖੇਤੀਬਾੜੀ ਵਿੱਚ ਕਵਰ ਫ਼ਸਲਾਂ ਉਹ ਪੌਦੇ ਹਨ, ਜੋ ਮਿੱਟੀ ਨੂੰ ਢੱਕਣ ਲਈ ਲਗਾਏ ਜਾਂਦੇ ਹਨ, ਨਾ ਕਿ ਵਾਢੀ ਦੇ ਉਦੇਸ਼ ਲਈ। ਕਵਰ ਫ਼ਸਲਾਂ ਇੱਕ ਖੇਤੀਬਾੜੀ ਵਾਤਾਵਰਨ ਪ੍ਰਣਾਲੀ ਵਿੱਚ ਮਿੱਟੀ ਦੇ ਕਟੌਤੀ, ਮਿੱਟੀ ਦੀ ਉਪਜਾਊ ਸ਼ਕਤੀ, ਮਿੱਟੀ ਦੀ ਗੁਣਵੱਤਾ ਪਾਣੀ ਨਦੀਨ, ਕੀੜੇ, ਬਿਮਾਰੀਆਂ, ਜੈਵ ਵਿਭਿੰਨਤਾ ਅਤੇ ਜੰਗਲੀ ਜੀਵਨ ਦਾ ਪ੍ਰਬੰਧਨ ਕਰਦੀਆਂ ਹਨ- ਇੱਕ ਵਾਤਾਵਰਨ ਪ੍ਰਣਾਲੀ ਜੋ ਮਨੁੱਖਾਂ ਦੁਆਰਾ ਪ੍ਰਬੰਧਿਤ ਅਤੇ ਆਕਾਰ ਦਿੱਤੀ ਜਾਂਦੀ ਹੈ। ਫ਼ਸਲੀ ਚੱਕਰਾਂ ਦੇ ਵਿਚਕਾਰ ਢਕਣ ਵਾਲੀਆਂ ਫ਼ਸਲਾਂ ਲਗਾਉਣ ਨਾਲ ਮਿੱਟੀ ਦੀ ਰੱਖਿਆ, ਕਟੌਤੀ ਨੂੰ ਘਟਾਉਣ ਅਤੇ ਪੌਸ਼ਟਿਕ ਤੱਤ ਜੋੜਨ ਵਿੱਚ ਮਦਦ ਮਿਲਦੀ ਹੈ।

4. **ਏਕੀਕ੍ਰਿਤ ਕੀਟ ਪ੍ਰਬੰਧਨ** : ਕਿਸਾਨ ਮਿੱਤਰ ਪੰਛੀਆਂ ਦੇ ਵਾਧੇ ਨਾਲ ਫ਼ਸਲ ਦੇ ਦੁਸ਼ਮਣ ਕੀਟਾਂ ਨੂੰ ਖ਼ਤਮ ਕਰਨਾ, ਜੈਵਿਕ ਕੀਟਨਾਸ਼ਕਾਂ ਨੂੰ ਤਿਆਰ ਕਰ ਇਸਤੇਮਾਲ ਕਰਨਾ, ਇਹ ਪਹੁੰਚ ਰਸਾਇਣਕ ਕੀਟਨਾਸ਼ਕਾਂ ਤੇ ਖਾਦਾਂ ਦੀ ਵਰਤੋਂ ਨੂੰ ਘਟਾਉਂਦੀ ਹੈ ਅਤੇ ਮਿੱਟੀ ਪ੍ਰਦੂਸ਼ਣ ਨੂੰ ਘੱਟ ਕਰਦੀ ਹੈ।

5. **ਸਰੰਖਣ ਵਹਾਈ** : ਵਹਾਈ ਨੂੰ ਘਟਾਉਣਾ ਜਾਂ ਬਿਨਾਂ-ਟਿੱਲ ਤਰੀਕਿਆਂ ਦੀ ਵਰਤੋਂ ਕਰਨਾ, ਮਿੱਟੀ ਦੇ ਜੈਵਿਕ ਪਦਾਰਥ ਤੇ ਬਣਤਰ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦਾ ਹੈ।

6. **ਜੰਗਲਾਤ ਖੇਤੀ** : ਖੇਤੀ ਪ੍ਰਣਾਲੀਆਂ ਵਿੱਚ ਰੁੱਖਾਂ ਨੂੰ ਜੋੜਨ ਨਾਲ ਮਿੱਟੀ ਦੀ ਸਿਹਤ, ਜੈਵ ਵਿਭਿੰਨਤਾ ਅਤੇ ਵਾਤਾਵਰਨ ਸੇਵਾਵਾਂ ਵਿੱਚ ਸੁਧਾਰ ਹੋ ਸਕਦਾ ਹੈ।

7. **ਪੁਨਰਜਨਮ ਖੇਤੀਬਾੜੀ** : ਇਹ ਪਹੁੰਚ ਟਿੱਲ, ਕਵਰ ਫ਼ਸਲਿੰਗ ਅਤੇ ਜੈਵਿਕ ਸੋਧਾਂ ਵਰਗੇ ਅਭਿਆਸਾਂ ਰਾਹੀਂ ਮਿੱਟੀ ਦੀ ਸਿਹਤ, ਜੈਵ ਵਿਭਿੰਨਤਾ ਅਤੇ ਈਕੋਸਿਸਟਮ ਸੇਵਾਵਾਂ ਨੂੰ ਮੁੜ ਪੈਦਾ ਕਰਨ 'ਤੇ ਕੇਂਦ੍ਰਿਤ ਕਰਦੀ ਹੈ।

**ਇਹ ਅਭਿਆਸ ਵੀ ਮਦਦ ਕਰ ਸਕਦੇ ਹਨ**

-ਮਿੱਟੀ ਦੀ ਉਪਜਾਊ ਸ਼ਕਤੀ ਅਤੇ ਬਣਤਰ ਵਿੱਚ ਸੁਧਾਰ, ਮਿੱਟੀ ਦੀ ਉਪਰਲੀ ਤਹਿ ਨੂੰ ਉਪਜਾਊ ਰੱਖਣਾ ਅਤੇ ਸਖ਼ਤ ਹੋਣ ਤੋਂ ਰੋਕਣਾ।

-ਫ਼ਸਲਾਂ ਦੀ ਪੈਦਾਵਾਰ ਅਤੇ ਗੁਣਵੱਤਾ ਵਧਾਉਣਾ।

-ਜੈਵ ਵਿਭਿੰਨਤਾ ਅਤੇ ਈਕੋਸਿਸਟਮ ਸੇਵਾਵਾਂ ਦਾ ਸਮਰਥਨ।

-ਵਾਤਾਵਰਨ ਪ੍ਰਦੂਸ਼ਣ ਘਟਾਉਣਾ।

-ਜਲਵਾਯੂ ਲੱਚਕਤਾ ਨੂੰ ਉਤਸ਼ਾਹਿਤ ਕਰਨਾ।

ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਅਪਣਾ ਕੇ ਕਿਸਾਨ ਮਿੱਟੀ ਦੀ ਸਿਹਤ ਨੂੰ ਬਣਾਈ ਰੱਖਣ, ਪੌਸ਼ਟਿਕ ਤੱਤਾਂ ਦੀ ਭਰਪਾਈ ਨੂੰ ਯਕੀਨੀ ਬਣਾਉਣ ਅਤੇ ਇੱਕ ਵਧੇਰੇ ਲਚਕੀਲੇ ਭੋਜਨ ਪ੍ਰਣਾਲੀ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਕਰ ਸਕਦੇ ਹਨ।

**ਡਾ. ਸੁਖਰਾਜ ਸਿੰਘ ਬਾਜਵਾ,**
**ਮੋਬਾਇਲ : 78886-84597**

 RNI/PUNPUN00806 (42269/83) Postage Registered No. PB/PTA/0338/2025-2027



# ਕਦੋਂ ਤੱਕ ਪਰਾਲੀ ਦੀ ਅੱਗ ਵਿੱਚ ਕਿਸਾਨ, ਮੁਲਾਜ਼ਮ ਤੇ ਸਰਕਾਰਾਂ ਝੁਲਸਦੀਆਂ ਰਹਿਣਗੀਆਂ?

ਕਿਸਾਨ ਵੀਰੋ ਲਗਾਤਾਰ ਆਏ ਦਿਨ ਅਖ਼ਬਾਰਾਂ, ਨਿਊਜ਼ ਚੈਨਲਾਂ ਰਾਹੀਂ ਅਸੀਂ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਇਸ਼ਤਿਹਾਰ, ਅਨਾਊਂਸਮੈਂਟ, ਕਾਰਵਾਈਆਂ ਅਤੇ ਨੁਕਸਾਨ ਬਾਰੇ ਜਾਗਰੂਕਤਾ ਕੈਂਪ ਬਾਰੇ ਅਤੇ ਵਧੇਰੇ ਕਿਸਾਨਾਂ ਤੇ ਉਸਦੀ ਜ਼ਮੀਨ ਆਦਿ ਤੇ ਸਖ਼ਤ ਸਜ਼ਾ ਹੋਣ ਦੀ ਪ੍ਰਕਿਰਿਆ ਵੀ ਸੁਣਦੇ ਆ ਰਹੇ ਹਾਂ। ਜੇਕਰ ਬਦਲਵੀਂ ਫ਼ਸਲ ਦੀ ਗੱਲ ਨਹੀਂ ਚੱਲਦੀ ਤਾਂ ਪਾਣੀ ਦਾ ਡਿਗਦਾ ਪੱਧਰ ਤੇ ਪਰਾਲੀ ਦੀ ਅੱਗ ਕੀ ਇਹ ਮੁੱਦੇ ਸਾਡੀ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਦੀ ਹੋ ਕੇ ਵੀ ਚੱਲਦੇ ਰਹਿਣਗੇ ? ਇਹ ਸਵਾਲ ਬਰਕਰਾਰ ਹੈ ਅੱਜ ਵੀ ਕਿ ਪਿਛਲੇ ਕਿੰਨੇ ਸਾਲਾਂ ਤੋਂ ਚੱਲ ਰਹੇ ਇਹ ਮੁੱਦੇ ਦੇ ਅਸਲ ਕਾਰਨ ਕੀ ਹਨ ? ਆਖ਼ਿਰ ਮੁੱਕੇ ਕਿਉਂ ਨਹੀਂ ? ਇਸ ਬਾਰੇ ਵਿਚਾਰਾਂ, ਸੋਚਾਂ ਜਾਂ ਸਾਰਥਕ ਹੱਲ ਕਦੋਂ ਲੱਭਣਗੇ ਜਾਂ ਹੱਲ ਲੱਭਣ ਵੱਲ ਅਜੇ ਵੀ ਨਹੀਂ ਅਸੀਂ ਜਾ ਰਹੇ ਜਾਂ ਇਸ ਤੋਂ ਵੀ ਅੱਗੇ ਲੰਘ ਚੁੱਕੇ ਹਾਂ, ਜਾਂ ਗਲਤ ਪਾਸੇ ਵੱਲ ਜਾ ਰਹੇ ਹਾਂ, ਕਿਤੇ ਲੋਕਤੰਤਰ ਦੀ ਥਾਂ ਵੋਟਤੰਤਰ ਵਿੱਚ ਬੁਰਾ ਬਣਨ ਤੋਂ ਬਚਦੇ ਕੀਤੇ ਸਮਾਂ ਲੰਘਾ ਕੇ ਸੀਜ਼ਨ ਦਰ ਸੀਜ਼ਨ ਸਰਕਾਰਾਂ, ਮੁਲਾਜ਼ਮ ਤੇ ਕਿਸਾਨ ਆਪਸ ਵਿੱਚ ਤਲਖ਼ੀ ਭਰਿਆ ਨਜ਼ਰੀਆ ਰੱਖ ਕੇ ਕਦੋਂ ਤੱਕ ਚੱਲਦੇ ਰਹਿਣਗੇ ? ਕੀ ਪ੍ਰਸ਼ਾਸਨ ਵਲੋਂ ਜ਼ਿਲ੍ਹੇ ਪੱਧਰ ਤੇ ਹਰ ਹਲਕੇ ਕਸਬੇ ਦੀਆਂ ਕਿਸਾਨ ਜਥੇਬੰਦੀਆਂ, ਮਸ਼ੀਨਾਂ ਦੇ ਆਗੂਆਂ ਨਾਲ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੀਟਿੰਗਾਂ ਉਹਨਾਂ ਦੀਆਂ ਮੰਗਾਂ ਸੰਬੰਧੀ ਹੋ ਰਹੀਆਂ ਜਾਂ ਨਹੀਂ ? ਆਉ ਕੁਝ ਮੋਟੇ ਪਹਿਲੂਆਂ ਤੇ ਝਾਤ ਤੇ ਨਜ਼ਰ ਮਾਰੀਏ।

ਅੱਜ ਤੋਂ ਕੋਈ ਤਿੰਨ ਕੁ ਸਾਲ ਪਹਿਲਾਂ ਮੇਰੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਮੁਹੰਮਦ ਇਸਫ਼ਾਕ ਸਨ। ਜਦੋਂ ਮੀਟਿੰਗ ਵਿੱਚ ਪਰਾਲੀ ਦੇ ਧੂਏਂ ਬਾਰੇ ਗੱਲ ਕਰਦਿਆਂ ਉਹਨਾਂ ਤੋਂ ਸੁਣਿਆ ਕਿ ਮੇਰੇ ਭਤੀਜੇ ਨੂੰ ਸਾਹ ਲੈਣ ਦੀ ਤਕਲੀਫ਼ ਹੈ ਤੇ ਜਦੋਂ ਅੱਗ ਦਾ ਦੌਰ ਆਉਂਦਾ ਹੈ ਤਾਂ ਅਸੀਂ ਉਸ ਨੂੰ ਹਰ ਸੀਜ਼ਨ ਵਿੱਚ ਕੇਰਲਾ ਸਾਈਡ ਤੇ ਕੁੱਝ ਸਮੇਂ ਲਈ ਭੇਜ ਦਿੰਦੇ ਹਾਂ। ਸੁਣ ਕੇ ਬਿਮਾਰ ਬੰਦੇ ਬਾਰੇ ਦੁਖ ਹੋਇਆ, ਪਰ ਇਹ ਵੀ ਸੋਚ ਜ਼ਹਿਨ ਵਿੱਚ ਸੀ ਕਿ ਯਾਰ ਪਿੰਡਾਂ ਦੇ ਪਿੰਡ ਅੱਗ ਦੇ ਧੂਏਂ ਨਾਲ ਝੁਲਸ ਰਹੇ ਹਨ ਉਹਨਾਂ ਵਿੱਚੋਂ ਬੋਲਣਾ ਕਿਸਨੇ ਹੈ ? ਕੀ ਸਾਰੇ ਕਸੂਰਵਾਰ ਕਿਉਂ ਗੰਦੀ ਹਵਾ ਵਿੱਚ ਸਾਹ ਲੈਣ ਲਈ ਹਨ ? ਕਿਉਂਕਿ ਸਾਰੇ ਕਿਸਾਨਾਂ ਨੇ, ਅਖੀਰ ਆਪਸ ਵਿੱਚ ਬੁਰਾ ਕੌਣ ਬਣੇ ਬੋਲ ਕੇ। ਇੱਕ ਸੋਚ ਸੀ ਕਿ ਡੇਰਿਆਂ ਬਹਿਕਾਂ ਤੇ ਰਹਿੰਦੇ ਬੱਚੇ ਬਜ਼ੁਰਗਾਂ ਜੀਵਾਂ ਦਾ ਕੀ ਬਣੇਗਾ, ਏਡੇ ਵੱਡੇ ਪੱਧਰ ਤੇ ਪਰਾਲੀ ਸੜਦੀ ਦੇ ਗੁਬਾਰ ਹਨੇਰਾ ਧੂੰਆਂ ਦੇਖ ਕੇ ਤੇ ਉਸ ਵਿੱਚ ਰਹਿਣ ਲਈ ਮਜ਼ਬੂਰ ਹੋਣਗੇ। ਸੋਚ ਸੀ ਕਿ ਉਹਨਾਂ ਸਾਰਿਆਂ ਨੇ ਤਾਂ ਕੇਰਲਾ ਨਹੀਂ ਜਾਣਾ ?

ਸਰਕਾਰਾਂ ਨੂੰ ਵੀ ਏਥੇ ਸਮਝਣ ਦੀ ਲੋੜ ਹੈ ਕਿ ਜਿਨ੍ਹਾਂ ਸਰਕਾਰੀ ਮੁਲਾਜ਼ਮਾਂ ਤੇ ਕੇਵਲ ਵੀਹ ਦਿਨ ਤੋਂ ਮਹੀਨੇ ਡੇਢ ਤੱਕ ਦੇ ਅੱਗ ਲਗਾਉਣ ਵਾਲੇ ਸਮੇਂ ਵਿੱਚ ਕੀਤੀ ਗਈ ਉਹਨਾਂ ਵੱਲੋਂ ਸਖ਼ਤੀ ਮੁੜ ਮੁਲਾਜ਼ਮ ਦੇ ਨਾਲ ਆਪਣੇ ਆਮ ਸਾਰੇ ਸਾਲ ਵਿੱਚ ਚੱਲਣ ਵਾਲੇ ਅਸਲ ਨੌਕਰੀ ਕਰਨ ਵਾਲੇ ਉਸ ਦੇ ਪਿੰਡਾਂ ਵਿੱਚ ਆਮ ਲੋਕਾਂ ਤੇ ਕਿਸਾਨ ਭਰਾਵਾਂ ਨਾਲ ਫ਼ੀਲਡ ਵਿੱਚ ਕੰਮ ਕਰਨਾ ਮਿਲਵਰਤਨ ਤੇ ਉਨ੍ਹਾਂ ਨਾਲ ਚੰਗਾ ਸੰਬੰਧ ਬਣਾ ਕੇ ਵਿਚਰਨਾ ਸੌਖਾ ਨਹੀਂ ਹੋਵੇਗਾ। ਏਥੇ ਇਹਾਂ ਵੀ ਕਿਨਾਰਾ ਅਸੀਂ ਨਹੀਂ ਕਰ ਸਕਦੇ ਕਿ ਹੋ ਸਕਦਾ ਹੈ ਕਿ ਮੁਲਾਜ਼ਮ ਵੱਲੋਂ ਉੱਚ ਅਧਿਕਾਰੀਆਂ ਦੇ ਕਹੇ ਅਨੁਸਾਰ ਕੀਤੀ ਸਖ਼ਤੀ ਕਰਕੇ ਮੁੜ ਆਪਣੀ ਨੌਕਰੀ ਵੀ ਬਹੁਤ ਜ਼ਿਆਦਾ ਸਮਾਂ ਦਫ਼ਤਰ ਵਿੱਚ ਲੁਕ ਛਿਪ ਕੇ ਡਰ ਨਾਲ ਕੱਢਣ ਲਈ ਉਹੀ ਮੁਲਾਜ਼ਮ ਮਜ਼ਬੂਰ ਤਾਂ ਨਹੀਂ ਹੋਵੇਗਾ ? ਫੇਰ ਅਸੀਂ ਭੰਡਣ ਲਈ ਕਹਾਂਗੇ ਬੰਦੇ ਲੱਭੇ ਨਹੀਂ ਕਦੇ ਫ਼ੀਲਡ ਵਿੱਚ ? ਇਹ ਵੀ ਸਮਝਣਾ ਪੈਣਾ ਕਿਉਂਕਿ ਮੁੜ ਘੁੰਮਣਾ ਫਿਰਨਾ ਵਿਚਰਨਾ ਤਾਂ ਫੇਰ ਉਹਨਾਂ ਲੋਕਾਂ ਵਿੱਚ ਹੀ ਹੈ ਤੇ ਈਰਖਾ ਬਣੀ ਰਹੇਗੀ।

**ਅੱਗ ਲੱਗਣ ਦੀ ਕੋਖਾਂ ਤੇ ਕਾਰਨ**

ਪਹਿਲਾਂ ਕਿਸਾਨ ਇੱਕ ਦੂਜੇ ਨੂੰ ਦੇਖਾ-ਦੇਖੀ ਅਗੇਤੀ ਬਿਜਾਈ ਕਰਨ ਲਈ ਕਾਹਲੀ ਕਰਦੇ। ਦੂਜਾ ਉਹ ਚਾਹੁੰਦੇ ਕਿ ਅੱਗ ਲਗਾਉਣ ਲਈ ਮੁਕੰਮਲ ਤੌਰ ਤੇ ਜ਼ਮੀਨ ਹੇਠਾਂ ਤੋਂ ਸਾਫ ਰਹੇ, ਪਰ ਉਹ ਮਿੱਤਰ ਕੀੜੇ ਸੜਨ ਤੇ ਜ਼ਮੀਨ ਰੱਕੜ ਇੱਕ ਚੁੱਲ੍ਹੇ ਦੀ ਸੜੀ ਮਿੱਟੀ ਵਾਂਗ ਹੋਣ



**ਕਮਲਇੰਦਰਜੀਤ ਸਿੰਘ ਬਾਜਵਾ,**
ਸਬ ਇੰਸਪੈਕਟਰ, ਭੂਮੀ ਰੱਖਿਆ ਤੇ ਜਲ ਸੰਭਾਲ ਵਿਭਾਗ, ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ
(ਮੋ. 98150-82401)

ਬਾਰੇ ਨਹੀਂ ਵਿਚਾਰ ਕਰਦੇ। ਤੀਜਾ ਛੋਟੇ ਕਿਸਾਨਾਂ ਕੋਲ ਬਹੁਤੀਆਂ ਮਸ਼ੀਨਾਂ ਨਹੀਂ, ਉਹ ਕਿਰਾਏ ਤੇ ਮਸ਼ੀਨਾਂ ਤੋਂ ਬਚਣ ਲਈ ਮਾਚਿਸ ਤੀਲੀ ਸਸਤੀ ਦੇਖ ਸੌਖੀ ਹੁੰਦਿਆਂ ਅੱਗ ਲਾਉਣ ਨੂੰ ਕਾਹਲੀ ਕਰਦਾ। ਪਰ ਇਸ ਵਿੱਚ ਕਈ ਵੱਡੇ ਵੀ ਹਨ ਜੋ ਇੱਕ ਦੂਜੇ ਨੂੰ ਦੇਖਦੇ ਕਿ ਉਥੇ ਇਸਦਾ ਕੀ ਕਰ ਲਿਆ ਸਰਕਾਰ ਨੇ, ਤੇ ਫੇਰ ਮੇਰਾ ਕੀ ਕਰੂ ? ਇਹੀ ਕਾਰਨ ਲੱਪਟਾਂ ਧੂੰਆਂ ਦੂਰ ਦੁਰੇਡੇ ਨਿਕਲਦਿਆਂ ਦੇਖ ਫੇਰ ਆਸਮਾਨ ਤੇ ਜ਼ਮੀਨ ਨੂੰ ਅੱਗ ਦੀ ਭੱਠੀ ਬਣਾਉਂਦੇ ਹਨ ਜੋ ਜੀਵਾਂ, ਬੱਚਿਆਂ, ਬਜ਼ੁਰਗਾਂ, ਸੜਕੀ ਆਵਾਜਾਈ ਲਈ ਹਾਦਸਿਆਂ ਦਾ ਸਬੱਬ ਬਣਦਾ। ਤੰਦਰੁਸਤ ਰੁਖ ਤਾਂ ਸੜਦੇ ਹੀ ਨੇ ਅੱਜ ਨਿੱਕੀਆਂ ਖ਼ਾਕੀ ਚਿੜੀਆਂ ਤੱਕ ਕੂਚ ਪਹਾੜੀ ਏਰੀਏ ਵਿੱਚ ਕਰ ਗਈਆਂ ਨੇ, ਭਾਵੇਂ ਦੇਖ ਲਿਉ ਮੈਕਲੋਡਗੰਜ ਚੌਂਕ ਵਿੱਚ ਖਲੋ ਕੇ ਨੇੜੇ ਕਾਰ ਪਾਰਕਿੰਗ ਦੀ ਛੱਤ ਤੇ ਬੈਠੇ ਵੱਡੇ ਝੁੰਡਾਂ ਨੂੰ ਉਹੀ ਪਿੰਡ ਦੀਆਂ ਖ਼ਾਕੀ ਚਿੜੀਆਂ ਨੇ ਜੋ ਸਾਡੇ ਸਮਝਦਾਰਾਂ ਨੇ ਧੂਏਂ ਤੇ ਸੇਕ ਕਰਕੇ ਭਜਾ ਦਿੱਤੀਆਂ ਨਾਲੇ ਆਲ੍ਹਣੇ ਅੱਡ ਸਾੜ ਦਿੱਤੇ। ਇਸ ਲੇਖ ਵਿੱਚ ਕੁੱਝ ਉਦਾਹਰਣਾਂ ਜ਼ਰੂਰ ਦੇਣੀਆਂ ਪੈਣਗੀਆਂ। ਕਿਉਂਕਿ ਮਨੁੱਖ ਜੋ ਪਹਿਲਾਂ ਕਿੱਕਰਾਂ, ਤਰੇਕਾਂ ਟਾਹਲੀਆਂ ਹੇਠਾਂ ਬੈਠਣ ਵਾਲੇ ਖ਼ੁਦ ਅੱਜ ਵਧਦੀ ਗਲੋਬਲ ਤਪਸ਼ ਨਾ ਸਹਾਰਦਿਆਂ ਉੱਤੋਂ ਰੁੱਖ ਆਦਿ ਕੁਦਰਤੀ ਸੋਮਿਆਂ ਨੂੰ ਖ਼ਤਮ ਕਰਕੇ ਕਮਰਿਆਂ ਵਿੱਚ ਏ ਸੀ ਲਗਾ ਕੇ ਠੰਡੀ ਗੈਸ ਵਾਲੀ ਹਵਾ ਲੈਣ ਵੱਲ ਤੁਰ ਪਏ ਹਾਂ, ਜੋ ਬਿਮਾਰੀ ਮੁੱਲ ਦੀ ਲੈਣ ਦਾ ਸੱਦਾ ਜ਼ਰੂਰ ਬਣ ਗਿਆ। ਅੱਗ ਲੱਗਣ ਦਾ ਹੋਰ ਕਾਰਨ ਕਈ ਵਾਰ ਦੇਖਿਆ ਕਿ ਜਿੰਨ੍ਹਾਂ ਕਾਹਲੇ ਲੋਕਾਂ ਨੇ ਗੱਠਾਂ ਬਣਾਈਆਂ, ਪਰ ਬੇਲਰ ਵਾਲਿਆਂ ਵੱਲੋਂ ਸਮੇਂ ਸਿਰ ਚੁਕਾਈ ਨਾ ਹੋਣ ਕਰਕੇ ਅੰਗ ਲਗਾਈ ਜਾਂ ਅਜਿਹਾ ਨਾਲ ਦੇ ਜ਼ਿੰਮੀਦਾਰ ਤੋਂ ਧੱਕੇ ਬਾਰੇ ਸੁਣ ਕੇ ਅੱਗ ਵੱਲ ਪ੍ਰੇਰਿਤ ਹੋਏ ਹਾਲਾਂਕਿ ਇਨ੍ਹਾਂ ਸਭਨਾਂ ਨੂੰ ਡਰ ਕਾਨੂੰਨੀ ਕਾਰਵਾਈ ਦਾ ਵੀ ਸੀ ਪਰ ਜ਼ਿਆਦਾਤਰ ਨੇ ਰਾਤ ਦਾ ਹਨੇਰਾ ਦੇਖ ਅਤੇ ਕੁੱਝ ਨੇ ਨਾਲੋਂ-ਨਾਲ ਲਗਾਈ ਗਏ ਤੇ ਪਿੱਛੇ ਟਰੈਕਟਰ ਵੀ ਫੇਰੀ ਗਏ ਇਸ ਦਾ ਮਤਲਬ ਜਾਗਰੂਕਤਾ ਸਭ ਵਿੱਚ ਸੀ। ਗੱਠਾਂ ਚੁਕਾ ਕੇ ਖੇਤ ਨੂੰ ਸਾਫ਼ ਕਰਨ ਲਈ ਵੀ ਬਹੁਤੇ ਅੱਗ ਲਗਾਈਂ ਦੇਖੇ ਗਏ ਖੈਰ ਮਾਨਸਿਕਤਾ ਅਲੱਗ-ਅਲੱਗ ਹੈ। ਕਈ ਜਾਗਰੂਕ ਲੋਕ ਅਜਿਹੇ ਦੇਖੇ ਜੋ ਦੇਰ ਤੱਕ ਪਈਆਂ ਗੱਠਾਂ ਰਾਹ ਰਸਤਿਆਂ ਤੋਂ ਆਪ ਵੀ ਤਦੇ ਪੱਲਿਉਂ ਬੰਦੇ ਲਗਾ ਕੇ ਰੱਖ ਕੇ ਬਿਜਾਈ ਕੀਤੀ ਪਰ ਅੱਗ ਨਹੀਂ ਲਗਾਈ। ਖੈਰ ਲੋਕਾਂ ਨੂੰ ਸੁਚੇਤ ਮਾਨਸਿਕਤਾ ਵੱਲ ਵਧਣਾ ਚਾਹੀਦਾ ਹੈ। ਮਾਨਸਿਕਤਾ ਦੇਖੀਏ ਤਾਂ ਕਣਕ ਦੇ ਸੀਜ਼ਨ ਵਿੱਚ ਵੀ ਲੋਕ ਰੀਪਰ ਚਲਾਉਣ ਤੋਂ ਬਾਅਦ ਵੀ ਅੱਗ ਲਗਾ ਰਹੇ ਹਨ ਤੇ ਅਪ੍ਰੈਲ ਦੀ ਗਰਮੀ ਤੇ ਸੁੱਕੀ ਮਿੱਟੀ ਤੇ ਚਲਦੀ ਗਰਮ ਹਵਾ ਕਿਲਿਆਂ ਦੇ ਕਿੱਲੇ ਪਸ਼ੂਆਂ ਦੇ ਢਾਰੇ ਤੇ ਮਨੁੱਖ ਸਕੂਲਾਂ ਦੇ ਵੈਨਾਂ ਆਦਿ ਗ੍ਰਸਤ ਹੋ ਗਏ ਦੇਖੇ। ਅੱਗ ਲਗਾਉਣ ਵਾਲੇ ਇੱਕੋ ਗੱਲ ਕਹਿ ਕੇ ਰਹੇ ਹਨ ਕਿ ਅੱਗ ਪਿਛਲੇ ਖੇਤਾਂ ਵਿੱਚੋਂ ਆਈ ਹੈ। ਕੀ ਉਹ ਕਿਸੇ ਨਾ ਕਿਸੇ ਦੀ ਤਾਂ ਮਾਨਸਿਕਤਾ ਕਮਜ਼ੋਰ ਹੋਣ ਦਾ ਕਾਰਨ ਨਹੀਂ ਬਣਦਾ ਦੋਸ਼ ਮੜ੍ਹਨ ਲਈ ?

ਦੋਸਤੋ ਇੱਕ ਉਦਾਹਰਣ ਦੇ ਤੌਰ ਤੇ ਸੜਕਾਂ ਤੇ ਚੱਲਣ ਲਈ ਜਦੋਂ ਹੈਲਮਟ ਪਾਉਣਾ ਮੋਨੇ ਬੰਦੇ ਲਈ ਕੰਪਲਸਰੀ ਹੋ ਜਾਵੇ ਤਾਂ ਦੂਜਾ ਸੜਕ ਤੇ ਚੜ੍ਹਨ ਦਾ ਰਾਹ ਹੀ ਨਾ ਹੋਵੇ, ਫੇਰ ਕਿਸੇ ਨੇ ਦੋ ਸੌ ਦਾ ਹੈਲਮੇਟ ਲੈਣਾ ਤੇ ਕਿਸੇ ਨੇ ਹਜ਼ਾਰ ਦਾ। ਪਰ ਫ਼ਸਿਆ ਹੈਲਮੇਟ ਤੇ ਪੈਸੇ ਲਗਾਉਣੇ ਵੀ ਪੈਣਗੇ ਤੇ ਪਾਉਣਾ ਵੀ ਪਵੇਗਾ, ਚਲਾਨ ਦੀ ਸਖ਼ਤੀ ਦੇ ਨਾਲ-ਨਾਲ ਹੌਲੀ-ਹੌਲੀ ਬੰਦੇ ਨੂੰ ਖ਼ੁਦ ਹੀ ਸਮਝ ਆਊ ਕਿ ਸੇਫਟੀ ਕਿਸ ਦੀ ਹੈ ? ਕੁਝ ਆਦਤ ਤੇ ਮਜ਼ਬੂਰ ਹੋ ਕੇ ਪਾਉਣ ਲੱਗ ਜਾਣਗੇ। ਖੈਰ ਬਾਅਦ ਵਿੱਚ ਉਸ ਸਖ਼ਤ ਹਦਾਇਤਾਂ ਦੇ ਕੇ ਹੈਲਮਟ ਬਾਰੇ ਕਹਿਣਾ ਨਹੀਂ ਪਵੇਗਾ। ਇੱਥੇ ਗੱਲ ਹਰ ਪਹਿਲੂ ਬਾਰੇ ਹੈ ਜਿਵੇਂ ਅੱਜ ਕਿਸਾਨ ਨੂੰ ਜਦੋਂ ਐਸ. ਐਮ. ਐਸ. ਲੱਗੀਆਂ ਕੰਬਾਇਨਾਂ ਹਰ ਪਾਸੇ ਮਿਲੂ ਤਾਂ ਜਾਗਰੂਕ ਲੋਕਾਂ ਨੇ ਤਾਂ ਲਗਾਉਣਾ ਹੀ ਹੈ, ਪਰ ਨਾ ਜਾਗਰੂਕ ਲੋਕਾਂ ਨੇ ਕੁੱਝ ਸਮੇਂ ਲਈ ਫਸਿਆ ਵੀ ਗੁੱਸੇ ਨਾਲ ਫਸਿਆ ਲਗਾਉਣਾ ਹੈ ਜਾਂ ਲਗਾਉਣਾ ਪੈਣਾ। ਜਿੱਥੇ ਇਸ ਦੇ ਚੱਲਣ ਦੇ ਵਾਤਾਵਰਨ ਤੇ ਜ਼ਮੀਨ ਤੋਂ ਹੁੰਦੇ ਫਾਇਦਿਆਂ ਬਾਰੇ ਪਹਿਲਾਂ ਹੋਈ ਔਖ ਤੋਂ ਸ਼ੁਰੂਆਤ ਤਾਂ ਹੋ ਜਾਊ, ਪਰ ਹੌਲੀ-ਹੌਲੀ ਉਹਨੂੰ ਦੁਬਾਰਾ ਕਹਿਣ ਦੀ ਲੋੜ ਨਹੀਂ ਪੈਣੀ। ਭਾਵੇਂ ਬਿਨਾ ਐਸ ਐਮ ਵਾਲੀ ਤੋਂ ਬੇਸ਼ੱਕ ਵਧੇਰੇ ਪੈਸੇ ਦੇਣੇ ਪੈਣ ਜਾਂ ਵਧੇਰੇ ਸਮਾਂ ਕਟਾਈ ਲਈ ਖੇਤ ਵਿੱਚ ਲੱਗੇ। ਇੱਥੇ ਉਦਾਹਰਣ ਬੱਸ ਜਿਵੇਂ ਛੋਟੇ ਬੱਚੇ ਵਾਂਗੂੰ ਨਰਸਰੀ ਵਾਲੇ ਨੂੰ ਤੋਰਨ ਲਈ ਦੁਪਿਹਰ ਨੂੰ ਟਿਊਸ਼ਨਾਂ ਦੀ ਲੋੜ ਪੈਂਦੀ, ਉੱਥੇ ਵੱਡੇ ਬੱਚੇ ਕਾਲਜਾਂ ਯੂਨੀਵਰਸਿਟੀਆਂ ਵਾਲੇ ਇਸੇ ਕਰਕੇ ਨਹੀਂ ਟਿਊਸ਼ਨਾਂ ਪੜ੍ਹਦੇ ਉਹਨਾਂ ਦਾ ਫੋਕਸ ਉਹਨਾਂ ਨੂੰ ਸਪਸ਼ਟ ਪਤਾ ਹੈ।

(ਚੱਲਦਾ)

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਇਹ ਸਕੀਮ 30 ਸਤੰਬਰ, 2025 ਤੱਕ ਹੈ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com